SAINI BHAWAN RUPNAGAR
PUNJAB
ਸਰਬਤ ਦਾ ਭਲਾ
Estd. 1971

ਸਮਾਜਿਕ ਚੇਤਨਤਾ ਦਾ ਪ੍ਰਤੀਕ ਤਿਮਾਹੀ ਮੈਗਜ਼ੀਨ

48

April - June 2023

# ਸੈਣੀ ਸੰਸਾਰ
# Saini Sansar

"ਕਰਤਾਰ ਪੁਰਿ ਕਰਤਾ ਵਸੈ ਸੰਤਨ ਕੇ ਪਾਸਿ"



## ਅੰਦਰ ਪੜ੍ਹੋ


- ਯਾਤਰਾ ਸ੍ਰੀ ਕਰਤਾਰਪੁਰ ਸਾਹਿਬ
- ਸੈਣੀ ਭਵਨ ਦੀਆਂ ਸਰਗਰਮੀਆਂ
- ਸਫ਼ਲ ਸੈਣੀ ਸਖ਼ਸ਼ੀਅਤਾਂ
- ਸਿਹਤਮੰਦ ਸਾਹਿਤਕ ਰਚਨਾਵਾਂ
- ਨਰੋਈ ਜੀਵਨ ਜਾਚ
- ਮੈਟਰੀਮੋਨੀਅਲਜ਼


PUBLISHERS

KAKA RAM SAINI CHARITABLE TRUST (REGD.)
SAINI BHAWAN, ROPAR (RUPNAGAR) (Pb.) INDIA 140001

ਮੁੱਲ : 30 ਰੁਪਏ

 R.N.I. No. : PUNBIL/2011/48578

Volume - XIII, Issue - II

# Saini Sansar

(Quarterly)

April - June 2023

PUBLISHER, PRINTER & OWNER
**Kaka Ram Saini Charitable Trust (Regd.)**
Saini Bhawan,
Roopnagar-140001 (Pb.)

PRINTING PRESS
**Tej Printing Press**
Phool Chakkar Bazar,
Roopnagar -140001 (Pb.)

PLACE OF PUBLICATION
**Saini Bhawan**
Roopnagar -140001 (Pb.)

CHIEF EDITOR (HONORARY)
**Dr. Ajmer Singh Tamber**
# B-12/5057, Guru Nagar,
Chandigarh Road, Roopnagar-140001 (Pb.)

CERTIFICATES :

- All Members of "Saini Sansar" magazine are honorary.
- The views expressed by the writers in their articles published in the magazine are their own. They are themselves responsible for their authenticity.
- Publication of "Saini Sansar" is non-commercial.
- Saini Sansar magazine has no political motive.

**FOUNDER**
**Late Sh. L.R. Mundra**
Asstt. Police Commissioner (Delhi) (Retd.)

**CHIEF EDITOR**
**Dr. Ajmer Singh Tamber**
Dy. Director (Edu.) Pb. (Retd.)
Ph. : 94176-02835

**MANAGER (Accounts)**
**S. Rajinder Singh**
Supdtt. Secretriate (Retd.)
Ph. : 94646-49922

**MANAGER (Circulation)**
**S. Jagdev Singh**
J.E. PSPCL (Retd.)
Ph. : 98883-96364

**EDITORIAL BOARD**

**Dr. Jaswant Kaur Saini**
Associate Professor (Retd.)
Ph. : 94178-02835

**S. Balbir Singh Saini**
Editor Magzine "Sool Surahi"
Ph. : 94646-47540

**Sh. Rajinder Saini**
Asstt. Public Relations Officer (Retd.)
Ph. : 98722-20400

**S. Surinder Singh**
Inspector Health Deptt. (Rtd.)
Ph. : 99880-06822

**Assistant Manager (Circulation)**
**S. Daljit Singh**
Desk Controller, PSPCL (Retd.)
Ph. : 99148-30323

**ADVISORS :**

**India** : **S. Bahadurjeet Singh** President Rupnagar Press Club.
**Sh. Narinder 'Nindi'** Director Pb. Arts International Chd.

**Australia** : **Harjit Singh Saini (Lasara)**
#41, Morris Crescent, Bellbird Park, 4300 Lpswic QLD-Australia

**U.S.A.** : **Dr. Manavpreet Kaur** Professor (English)
# 10936, Brighton Lane, Frisco, Tx-75033 (USA)

**U.K.** : **Sh. Tarsem Singh Saini**
# 14, Forest Road, Cambridge-CB1 9JB (U.K.)

**Canada** : **Dr. D.P. Singh**
# 2516, Pollard, Drive Mississauga, Ontario, Canada-LSC3HI

| **Subscription / Assistance Money** | **India** | **Abroad** |
|---|---|---|
| One Copy | ₹ 30 | 2 £, 4 $, 4 € |
| Annual (Four Copies) | ₹ 100 | 8 £, 15 $, 15 € |
| For Five Years | ₹ 500 | 40 £, 75 $, 75 € |

| **ਚੰਦਾ/ਸਹਾਇਤਾ ਰਾਸ਼ੀ** | **ਭਾਰਤ** | **ਵਿਦੇਸ਼** |
|---|---|---|
| ਇੱਕ ਕਾਪੀ | 30 ਰੁਪਏ | 2 ਪੌਂਡ, 4 ਡਾਲਰ, 4 ਯੂਰੋ |
| ਸਾਲਾਨਾ (ਚਾਰ ਕਾਪੀਆਂ) | 100 ਰੁਪਏ | 8 ਪੌਂਡ, 15 ਡਾਲਰ, 15 ਯੂਰੋ |
| ਪੰਜ ਸਾਲ (20 ਕਾਪੀਆਂ) | 500 ਰੁਪਏ | 40 ਪੌਂਡ, 75 ਡਾਲਰ, 75 ਯੂਰੋ |

ਨੋਟ : ਆਪ ਦਾ ਚੰਦਾ ________ ਅੰਕ ਤੱਕ ਹੈ। ਮੈਗਜ਼ੀਨ ਜਾਰੀ ਰੱਖਣ ਲਈ ਹੋਰ ਰਾਸ਼ੀ ਜਮ੍ਹਾਂ ਕਰਵਾਉਣ ਦੀ ਖੇਚਲ ਕੀਤੀ ਜਾਵੇ।

Address for Correspondence and sending assistance money :
**President, Kaka Ram Saini Charitable Trust (Regd.)**
**Saini Bhavan, Roopnagar-140001, Punjab - India**
**Ph. : 01881-220078, 220181**
**Our Bank : Indian Bank, Ropar. IFSC Code : IDIB000R027 Account No. : 833562779**
**E-mail : sainibhawanrpr@gmail.com**
**Website : www.sainibhawan.org**

**Date of Publication : 08.04.2023**

# ਸੈਣੀ ਸੰਸਾਰ

(ਤਿਮਾਹੀ)

ਜਿਲਦ 13, ਅੰਕ 2 ਅਪ੍ਰੈਲ - ਜੂਨ 2023

ਪ੍ਰਕਾਸ਼ਕ, ਪ੍ਰਿੰਟਰ ਅਤੇ ਮਾਲਕ
ਕਾਕਾ ਰਾਮ ਸੈਣੀ ਚੈਰੀਟੇਬਲ ਟਰੱਸਟ (ਰਜਿ.)
ਸੈਣੀ ਭਵਨ, ਰੂਪਨਗਰ - 140001 (ਪੰਜਾਬ)

ਪ੍ਰਿੰਟਿੰਗ ਪ੍ਰੈਸ
ਤੇਜ ਪ੍ਰਿੰਟਿੰਗ ਪ੍ਰੈਸ , ਫੂਲ ਚੱਕਰ ਬਾਜ਼ਾਰ, ਰੂਪਨਗਰ-140001 (ਪੰਜਾਬ)
ਈ ਮੇਲ : tejprinting@gmail.com
ਫੋਨ : 9876626588

ਪ੍ਰਕਾਸ਼ਨਾ ਸਥਾਨ
ਸੈਣੀ ਭਵਨ
ਰੂਪਨਗਰ - 140001 (ਪੰਜਾਬ)

ਮੁੱਖ ਸੰਪਾਦਕ (ਆਨਰੇਰੀ)
ਡਾ. ਅਜਮੇਰ ਸਿੰਘ ਤੰਬੜ
# ਬੀ-12/5057, ਗੁਰੂ ਨਗਰ,
ਚੰਡੀਗੜ੍ਹ ਰੋਡ, ਰੂਪਨਗਰ - 140001 (ਪੰਜਾਬ)

ਸਰਟੀਫਿਕੇਟਸ

- "ਸੈਣੀ ਸੰਸਾਰ" ਦੇ ਸਾਰੇ ਅਹੁਦੇਦਾਰ ਆਨਰੇਰੀ ਹਨ।
- "ਸੈਣੀ ਸੰਸਾਰ" ਵਿੱਚ ਪ੍ਰਕਾਸ਼ਿਤ ਰਚਨਾਵਾਂ ਦੇ ਵਿਚਾਰਾਂ ਨਾਲ ਸੰਪਾਦਕੀ ਬੋਰਡ ਦੇ ਮੈਂਬਰਾਂ ਦਾ ਸਹਿਮਤ ਹੋਣਾ ਲਾਜ਼ਮੀ ਨਹੀਂ ਹੈ।
- ਲੇਖਕ ਆਪਣੀਆਂ, ਰਚਨਾਵਾਂ ਲਈ ਆਪ ਜ਼ਿੰਮੇਵਾਰ ਹਨ।
- "ਸੈਣੀ ਸੰਸਾਰ" ਦਾ ਪ੍ਰਕਾਸ਼ਨ ਗੈਰਵਪਾਰਕ ਹੈ।
- "ਸੈਣੀ ਸੰਸਾਰ" ਦਾ ਕੋਈ ਰਾਜਨੀਤਿਕ ਉਦੇਸ਼ ਨਹੀਂ ਹੈ।

ਸਾਰੇ ਹੱਕ ਪ੍ਰਕਾਸ਼ਕ ਦੇ ਰਾਖ਼ਵੇਂ ਹਨ ।

ਮੁੱਖ ਪੰਨੇ 'ਤੇ ਫੋਟੋ : ਡੇਰਾ ਬਾਬਾ ਨਾਨਕ ਸਾਹਿਬ ਵਿਖੇ ਸ੍ਰੀ ਕਰਤਾਰਪੁਰ ਸਾਹਿਬ (ਪਾਕਿਸਤਾਨ) ਕਾਰੀਡੋਰ

## ਤੱਤਕਰਾ

| ਕੀ | ਕਿੱਥੇ |
|---|---|
| ਸੰਪਾਦਕੀ - ਭ੍ਰਿਸ਼ਟਾਚਾਰ ਦਾ ਘੁਣ | 3-4 |
| ਸੈਣੀ ਭਵਨ ਦੀਆਂ ਸਰਗਰਮੀਆਂ | 5-7 |
| ਕਵਿਤਾ | 7 |
| ਬਰਾਦਰੀ ਦੀਆਂ ਮਾਣਮੱਤੀਆਂ ਸ਼ਖ਼ਸ਼ੀਅਤਾਂ | 8-10 |
| ਯਾਤਰਾ ਸ੍ਰੀ ਕਰਤਾਰਪੁਰ ਸਾਹਿਬ | 11-13 |
| ਬੇਟ ਦਾ ਪਿੰਡ - ਛੋਟਾ ਬਹਿਰਾਮਪੁਰ | 14 |
| ਧਰਤੀ ਹੇਠਲੇ ਪਾਣੀ ਦੀ ਕਮੀ ਲਈ ਕੌਣ ਜ਼ਿੰਮੇਵਾਰ | 15-16 |
| New Five Year Members of Saini Sansar | 17 |
| Poem - The Land of Five Rivers | 17 |
| ਪਿੰਡ ਮਲਿਕਪੁਰ ਦੀ ਸਰਪੰਚ ਕੁਲਵਿੰਦਰ ਕੌਰ | 18 |
| ਤਰਜੀਹ ਦਾ ਮਹੱਤਵ | 19-20 |
| ਸੈਣੀ ਆਜ਼ਾਦੀ ਸੰਗ੍ਰਾਮੀ - ਗੁਲਾਬ ਸਿੰਘ ਸੈਣੀ | 21 |
| ਮਾਂ ਬੋਲੀ - ਪੰਜਾਬੀ | 22-23 |
| Tourages (Udasis) of Guru Nanak | 24-25 |
| Donors of Saini Bhawan | 25 |
| ਕਹਾਣੀ - ਚੰਗਾ ਭਾਈ! ਮੈਂ ਚਲਦਾਂ | 26-27 |
| ਧਰਮ ਸਿਆਸਤ ਤੇ ਇਨਸਾਨੀਅਤ | 28-29 |
| ਆਓ ਜ਼ਿੰਦਗੀ ਦੇ ਰੰਗਾਂ ਨੂੰ ਮਾਣਨਾ ਸਿੱਖੀਏ | 30 |
| ਪਿਆਰ ਤੇ ਸਤਿਕਾਰ - ਭਾਈਚਾਰੇ ਦਾ ਆਧਾਰ | 31 |
| ਲੇਖ - ਸੰਗਤ ਦਾ ਅਸਰ ਅਤੇ ਕਵਿਤਾ | 32 |
| ਪੜ੍ਹਨਯੋਗ ਨਾਵਲ - ਖਜ਼ਾਨਾ ਰੋਡਵੇਜ਼ | 33-34 |
| Matrimonial | 35-39 |
| ਸੈਣੀ ਭਵਨ ਦੀਆਂ ਸਰਗਰਮੀਆਂ - ਤਸਵੀਰਾਂ ਦੀ ਜ਼ੁਬਾਨੀ | 40 |

## "ਸੈਣੀ ਸੰਸਾਰ" ਵਿੱਚ ਇਸ਼ਤਿਹਾਰਾਂ ਲਈ ਸਹਾਇਤਾ ਰਾਸ਼ੀ :


| | | ਇੱਕ ਕਾਪੀ | ਸਾਲਾਨਾ (ਚਾਰ ਕਾਪੀਆਂ) |
|---|---|---|---|
| ਟਾਈਟਲ ਕਵਰ ਦਾ ਆਖ਼ਰੀ ਬਾਹਰਲਾ ਪੂਰਾ ਪੰਨਾ (ਰੰਗਦਾਰ) | : | 3500 ਰੁ: | 13000 ਰੁ: |
| ਟਾਈਟਲ ਕਵਰ ਦਾ ਆਖ਼ਰੀ ਅੰਦਰਲਾ ਪੂਰਾ ਪੰਨਾ (ਰੰਗਦਾਰ) | : | 3000 ਰੁ: | 11000 ਰੁ: |
| ਟਾਈਟਲ ਕਵਰ ਦਾ ਅੰਦਰਲਾ ਅੱਧਾ ਪੰਨਾ (ਰੰਗਦਾਰ) | : | 2000 ਰੁ: | 7000 ਰੁ: |
| ਮੈਗਜ਼ੀਨ ਦਾ ਅੰਦਰਲਾ ਪੂਰਾ ਪੰਨਾ (ਰੰਗਦਾਰ) | : | 2500 ਰੁ: | 9000 ਰੁ: |
| ਮੈਗਜ਼ੀਨ ਦਾ ਅੰਦਰਲਾ ਅੱਧਾ ਪੰਨਾ (ਰੰਗਦਾਰ) | : | 1500 ਰੁ: | 5500 ਰੁ: |
| ਅੰਦਰਲਾ ਪੂਰਾ ਪੰਨਾ (ਕਾਲਾ ਤੇ ਚਿੱਟਾ) | : | 2000 ਰੁ: | 7000 ਰੁ: |
| ਅੰਦਰਲਾ ਅੱਧਾ ਪੰਨਾ (ਕਾਲਾ ਤੇ ਚਿੱਟਾ) | : | 1300 ਰੁ: | 5000 ਰੁ: |
| ਫੋਟੋ, ਸੰਖੇਪ ਵੇਰਵੇ ਸਹਿਤ (ਰੰਗਦਾਰ) ਸਪੇਸ 4 ਸੈ.ਮੀ. x 6 ਸੈ.ਮੀ. | : | 500 ਰੁ: | 8 ਸੈ.ਮੀ. x 6 ਸੈ.ਮੀ. = 1000 ਰੁ: |

ਪ੍ਰਕਾਸ਼ਕ :- ਪ੍ਰਧਾਨ, ਕਾਕਾ ਰਾਮ ਸੈਣੀ ਚੈਰੀਟੇਬਲ ਟਰੱਸਟ (ਰਜਿ:) ਸੈਣੀ ਭਵਨ ਰੂਪਨਗਰ, ਨੇ ਤੇਜ ਪ੍ਰਿੰਟਿੰਗ ਪ੍ਰੈਸ, ਫੂਲ ਚੱਕਰ ਬਾਜ਼ਾਰ, ਰੂਪਨਗਰ (ਫੋਨ: 98766-26588) ਤੋਂ ਤਿਆਰ ਕਰਵਾ ਕੇ ਸੈਣੀ ਭਵਨ ਰੂਪਨਗਰ ਤੋਂ ਜਾਰੀ ਕੀਤਾ।

ਸੰਪਾਦਕੀ

# ਭ੍ਰਿਸ਼ਟਾਚਾਰ ਦਾ ਘੁਣ

ਅਜਮੇਰ ਸਿੰਘ (ਡਾ.)
ਰੂਪਨਗਰ



ਪੰਜਾਬੀ ਸਮਾਜ ਦਰਜਨ ਬਿਮਾਰੀਆਂ ਦਾ ਸ਼ਿਕਾਰ ਹੈ। ਇਨ੍ਹਾਂ ਵਿੱਚੋਂ ਸਭ ਤੋਂ ਖ਼ਤਰਨਾਕ ਹੈ, ਭ੍ਰਿਸ਼ਟਾਚਾਰ। ਇਹ ਸਮਾਜ ਨੂੰ ਘੁਣ ਵਾਂਗ ਖਾ ਰਿਹਾ ਹੈ। ਇਸ ਨੇ ਸੂਬੇ ਦੀ ਸਿਆਸਤ, ਪ੍ਰਸ਼ਾਸਨ ਅਤੇ ਕਾਰੋਬਾਰ ਨੂੰ ਹਰ ਪੱਧਰ 'ਤੇ ਆਪਣੀ ਪਕੜ ਵਿੱਚ ਲਿਆ ਹੋਇਆ ਹੈ। ਇੱਥੇ ਰਿਸ਼ਵਤ ਦੇਣਾ ਅਤੇ ਲੈਣਾ ਇੱਕ ਸਹਿਜ ਵਰਤਾਰਾ ਬਣ ਗਿਆ ਹੈ। ਇੰਜ ਜਾਪਦਾ ਹੈ ਕਿ ਸਮਾਜ ਮਾਨਸਿਕ ਪੱਧਰ 'ਤੇ ਇਸ ਨੂੰ ਸਵੀਕਾਰ ਕਰ ਚੁੱਕਾ ਹੈ। ਭ੍ਰਿਸ਼ਟਾਚਾਰ ਇਸ ਦੇ ਹੱਡਾਂ ਵਿੱਚ ਰਚ ਚੁੱਕਾ ਹੈ ਅਤੇ ਇਸ ਨੂੰ ਖੋਖਲਾ ਤੇ ਜਰਜਰਾ ਕਰ ਰਿਹਾ ਹੈ। ਰਿਸ਼ਵਤਖੋਰੀ ਦਾ ਫੈਲਾਅ ਸੱਤਾ ਦੇ ਗਲਿਆਰਿਆਂ ਅਤੇ ਉੱਚ ਅਧਿਕਾਰੀਆਂ ਤੱਕ ਪਹੁੰਚ ਚੁੱਕਾ ਹੈ। ਇਸ ਨਾਲ ਵਿਚਕਾਰਲੇ ਅਤੇ ਹੇਠਲੇ ਦਰਜੇ ਦੇ ਅਧਿਕਾਰੀਆਂ ਨੂੰ ਵੀ ਭ੍ਰਿਸ਼ਟ ਹੋਣ ਦੀ ਖੁੱਲ੍ਹ ਮਿਲ ਗਈ ਹੈ।

ਭ੍ਰਿਸ਼ਟਾਚਾਰ, ਲੋਕਤੰਤ੍ਰਿਕ ਸਮਾਜ ਦੇ ਮੁਢਲੇ ਅਸੂਲ, ਭਾਵ 'ਕਾਨੂੰਨ ਦਾ ਰਾਜ' ਦੀਆਂ ਧੱਜੀਆਂ ਉਡਾ ਦਿੰਦਾ ਹੈ। ਇਸ ਤੋਂ ਪ੍ਰਭਾਵਿਤ ਪ੍ਰਸ਼ਾਸਨ ਵਿੱਚ ਫ਼ੈਸਲੇ ਕਾਨੂੰਨ ਅਨੁਸਾਰ ਨਹੀਂ, ਬਲਕਿ ਅਧਿਕਾਰੀਆਂ, ਕਰਮਚਾਰੀਆਂ ,ਪ੍ਰਸ਼ਾਸਕਾਂ ਅਤੇ ਸੱਤਾਧਾਰੀਆਂ ਨੂੰ ਰਿਸ਼ਵਤ ਦੇਣ ਵਾਲੇ ਵਿਅਕਤੀਆਂ ਦੀਆਂ ਇੱਛਾਵਾਂ ਅਤੇ ਲੋੜਾਂ ਅਨੁਸਾਰ ਹੁੰਦੇ ਹਨ। ਅਜਿਹੇ ਨਿਜ਼ਾਮ ਵਿੱਚ ਪੈਸਾ ਪ੍ਰਧਾਨ ਹੋ ਜਾਂਦਾ ਹੈ ਅਤੇ ਕਾਨੂੰਨ ਨੂੰ ਮਇਆਧਾਰੀਆਂ ਦੀ ਮੰਗ ਅਨੁਸਾਰ ਤੋੜਿਆ-ਮਰੋੜਿਆ, ਮਧੋਲਿਆ ਅਤੇ ਕੁਚਲਿਆ ਜਾਂਦਾ ਹੈ। ਕਾਨੂੰਨ ਦਾ ਸਾਹ-ਸਤ ਗੁਆਚ ਜਾਂਦਾ ਹੈ ਅਤੇ ਇਹ ਭ੍ਰਿਸ਼ਟ ਤਾਕਤਵਰ ਤੇ ਸਮਰੱਥ ਵਿਅਕਤੀਆਂ ਦਾ ਨੌਕਰ ਬਣ ਜਾਂਦਾ ਹੈ। ਨੇਮਹੀਣ ਹੋਇਆ ਸਮਾਜ ਨੇਮਹੀਣਤਾ ਨੂੰ ਹੀ ਨਿਯਮ ਸਮਝਣ ਲਗ ਜਾਂਦਾ ਹੈ।

ਭ੍ਰਿਸ਼ਟਾਚਾਰ ਨਾਲ ਸੜੇ ਨਿਜ਼ਾਮ ਵਿੱਚ ਕਾਨੂੰਨ ਲਾਗੂ ਹੋਣ ਦੀ ਨਿਗਾਹਬਾਨੀ ਕਰਨ ਵਾਲੀਆਂ ਸਾਰੀਆਂ ਹੀ ਸੰਸਥਾਵਾਂ ਕਮਜ਼ੋਰ ਪੈ ਜਾਂਦੀਆਂ ਹਨ। ਇਸ ਦੇ ਨਾਲ ਹੀ ਪ੍ਰਸ਼ਾਸਨ ਨਾਲ ਜੁੜੀਆਂ ਹੋਰ ਜਮਹੂਰੀ ਸੰਸਥਾਵਾਂ ਵੀ ਨਿਹੱਥੀਆਂ ਬਣਾ ਦਿੱਤੀਆਂ ਜਾਂਦੀਆਂ ਹਨ। ਉਨ੍ਹਾਂ ਦੀ ਖੁਦਮੁਖਤਿਆਰੀ ਖੋਹ ਕੇ ਉਨ੍ਹਾਂ ਨੂੰ ਵੀ ਭ੍ਰਿਸ਼ਟ ਕਰ ਦਿੱਤਾ ਜਾਂਦਾ ਹੈ।ਭ੍ਰਿਸ਼ਟਾਚਾਰੀ ਨਿਜ਼ਾਮ ਵਿੱਚ ਆਮ ਵਿਕਾਸ ਰੁਕ ਜਾਂਦਾ ਹੈ। ਕਾਰੋਬਾਰ ਕੇਵਲ ਉਨ੍ਹਾਂ ਦਾ ਵਧਦਾ ਹੈ ਜਿਨ੍ਹਾਂ ਵਿੱਚ ਰਿਸ਼ਵਤ ਦੇਣ ਦੀ ਸਮਰੱਥਾ ਹੁੰਦੀ ਹੈ। ਇਸ ਨਾਲ ਭ੍ਰਿਸ਼ਟ ਹੋਏ ਅਧਿਕਾਰੀ ਅਤੇ ਰਾਜਨੀਤਿਕ ਨੇਤਾ ਦੌਲਤ ਦੇ ਅੰਬਾਰ ਇੱਕਠੇ ਕਰ ਲੈਂਦੇ ਹਨ ਜਦੋਂਕਿ ਬਾਕੀ ਦਾ ਸਮਾਜ ਰਿਸ਼ਵਤਖੋਰੀ ਦੀ ਅੱਗ ਵਿੱਚ ਝੁਲਸਿਆ ਜਾਂਦਾ ਹੈ। ਭ੍ਰਿਸ਼ਟਾਚਾਰ ਸਮਾਜਿਕ ਅਨਿਆਂ ਦੇ ਹੱਕ ਵਿੱਚ ਭੁਗਤਦਾ ਹੈ। ਜਦੋਂ ਕਮਾਈ ਦੇ ਸਾਧਨ ਰਿਸ਼ਵਤ ਦੇਣ ਅਤੇ ਲੈਣ ਵਾਲਿਆਂ ਦੇ ਹੱਥਾਂ ਵਿੱਚ ਕੇਂਦਰਿਤ ਹੋ ਜਾਣ ਤਾਂ ਸਾਧਨ-ਵਿਹੂਣੇ ਲੋਕਾਂ ਨਾਲ ਅਨਿਆਂ ਹੋਣਾ ਸੁਭਾਵਿਕ ਹੋ ਜਾਂਦਾ ਹੈ।

ਭ੍ਰਿਸ਼ਟਾਚਾਰ ਵੱਡੀ ਪੱਧਰ 'ਤੇ ਉਦੋਂ ਫੈਲਦਾ ਹੈ ਜਦੋਂ ਭ੍ਰਿਸ਼ਟਾਚਾਰੀ ਸ਼ਾਸਕਾਂ ਅਤੇ ਅਧਿਕਾਰੀਆਂ ਨੂੰ ਇਹ ਵਿਸ਼ਵਾਸ ਹੋ ਜਾਂਦਾ ਹੈ ਕਿ ਉਨ੍ਹਾਂ ਨੂੰ ਭ੍ਰਿਸ਼ਟਾਚਾਰ ਕਰਨ ਬਦਲੇ ਕੋਈ ਸਜ਼ਾ ਨਹੀਂ ਮਿਲੇਗੀ। ਸਰਕਾਰ ਤੇ ਸਮਾਜ ਉਨ੍ਹਾਂ ਤੋਂ ਕੋਈ ਸਵਾਲ ਨਹੀਂ ਪੁੱਛਣਗੇ ਅਤੇ ਨਾ ਹੀ ਉਨ੍ਹਾਂ ਦੀ ਜਵਾਬਦੇਹੀ ਨਿਯਤ ਹੋਵੇਗੀ। ਜਦੋਂ ਉਨ੍ਹਾਂ ਨੂੰ ਇਹ ਯਕੀਨ ਹੋ ਜਾਂਦਾ ਹੈ ਕਿ ਉਨ੍ਹਾਂ 'ਤੇ ਨਾ ਮੁਕੱਦਮੇ ਚੱਲਣਗੇ ਅਤੇ ਨਾਂ ਹੀ ਉਨ੍ਹਾਂ ਦੇ ਮਾਣ-ਸਤਿਕਾਰ ਨੂੰ ਕੋਈ ਧੱਕਾ ਲੱਗੇਗਾ ਤਾਂ ਉਹ ਬੇਖੌਫ਼ ਹੋ ਕੇ ਧੜੱਲੇ ਨਾਲ ਰਿਸ਼ਵਤਖੋਰੀ ਕਰਦੇ ਹਨ। ਉਨ੍ਹਾਂ ਨੂੰ ਜਾਪਣ ਲਗਦਾ ਹੈ ਕਿ ਰਿਸ਼ਵਤਖੋਰੀ ਰਾਹੀਂ ਇਕੱਠੇ ਕੀਤੇ ਧਨ ਨਾਲ ਉਹ ਸਮਾਜ ਵਿੱਚ ਇੱਜ਼ਤ, ਤਾਕਤ ਤੇ ਸੱਤਾ ਹਾਸਲ ਕਰਦੇ ਰਹਿਣਗੇ। ਸਮਾਜ ਦਾ ਭ੍ਰਿਸ਼ਟਾਚਾਰ ਪ੍ਰਤਿ ਉਦਾਸੀਨ ਹੋ ਜਾਣਾ ਇਸ ਵਰਤਾਰੇ ਦੇ ਵਧਣ ਦਾ ਕਾਰਨ ਬਣਦਾ ਹੈ। ਸਿਆਸਤਦਾਨਾਂ ਦਾ ਭ੍ਰਿਸ਼ਟਾਚਾਰ ਉਨ੍ਹਾਂ ਦੀ ਵਧ ਰਹੀ ਦੌਲਤ ਰਾਹੀਂ ਪ੍ਰਤੱਖ ਝਲਕਦਾ ਹੈ, ਪਰ ਲੋਕ ਉਨ੍ਹਾਂ ਨੂੰ ਵਾਰ ਵਾਰ ਚੁਣ ਲੈਂਦੇ ਹਨ।

ਭ੍ਰਿਸ਼ਟਾਚਾਰ ਭਿੰਨ ਭਿੰਨ ਸਮਾਜਾਂ ਵਿੱਚ ਵੱਖਰੇ ਵੱਖਰੇ ਢੰਗਾਂ ਨਾਲ ਵਾਪਰਦਾ ਹੈ। ਤਾਨਾਸ਼ਾਹ, ਫੌਜੀ ਸ਼ਾਸਕਾਂ ਅਤੇ ਧਾਰਮਿਕ ਨਿਯਮਾਂ ਅਧੀਨ ਸ਼ਾਸਿਤ ਦੇਸ਼ਾਂ ਵਿੱਚ ਇਹ ਵੱਡੇ ਪੱਧਰ 'ਤੇ ਵਿਆਪਕ ਰਹਿੰਦਾ ਹੈ ਕਿਉਂਕਿ ਉੱਥੇ ਸ਼ਾਸਨ ਲੋਕਾਂ ਪ੍ਰਤਿ ਜਵਾਬਦੇਹ ਨਹੀਂ ਹੁੰਦੇ। ਇਨ੍ਹਾਂ ਨਜ਼ਾਮਾਂ ਦੇ ਸੰਵਿਧਾਨ ਵਿੱਚ ਭ੍ਰਿਸ਼ਟਾਚਾਰ ਦੀ ਪਛਾਣ ਕਰਨ ਅਤੇ ਇਸ ਨੂੰ ਨੱਥ ਪਾਉਣ ਲਈ ਕਿਸੇ ਖੁਦਮੁਖਤਿਆਰ ਸੰਸਥਾ ਦਾ ਕੋਈ ਪ੍ਰਾਵਧਾਨ ਨਹੀਂ ਹੁੰਦਾ। ਲੋਕਾਂ ਦੇ ਬੋਲਣ ਅਤੇ ਸੰਘਰਸ਼ ਕਰਨ ਦੇ ਹੱਕ ਵੀ ਸੀਮਿਤ ਹੁੰਦੇ ਹਨ। ਇਸ ਕਾਰਨ ਲੋਕਾਂ ਵਿੱਚ ਸ਼ਾਸਕਾਂ ਵਿਰੁੱਧ ਰੋਹ ਪ੍ਰਗਟ ਕਰਨ ਦੀ ਤਾਕਤ ਨਹੀਂ ਹੁੰਦੀ। ਧਾਰਮਿਕ ਸ਼ਾਸਕ ਲੋਕਾਂ ਨੂੰ ਧਰਮ ਦੀਆਂ ਬੰਦਸ਼ਾਂ ਵਿੱਚ ਬੰਨ੍ਹ ਕੇ ਗੁੰਗੇ-ਬੋਲੇ ਬਣਾ ਕੇ ਰਖਦੇ ਹਨ। ਪਾਕਿਸਤਾਨ ਇਸ ਦੀ ਉੱਘੜਵੀਂ ਉਦਾਹਰਣ ਹੈ ਜਿੱਥੇ ਦੇਸ਼ ਤਾਂ ਦੀਵਾਲੀਆ ਹੋਣ ਦੇ ਕਗਾਰ 'ਤੇ ਹੈ ਜਦੋਂਕਿ ਸ਼ਾਸਕਾਂ ਅਤੇ ਧਾਰਮਿਕ ਆਗੂਆਂ ਦੀ ਧਨ-ਦੌਲਤ ਵਿਦੇਸ਼ੀ ਬੈਂਕਾਂ ਵਿੱਚ ਮਹਿਫ਼ੂਜ਼ ਹੈ। ਅਮਰੀਕਾ ਵਰਗੇ ਵਿਕਸਿਤ ਦੇਸ਼ਾਂ ਵਿੱਚ ਰਿਸ਼ਵਤਖੋਰੀ, ਸਿਆਸਤ ਤੇ ਕਾਰੋਬਾਰ ਦੇ ਉੱਪਰਲੇ ਤਬਕਿਆਂ ਤੱਕ ਮਹਿਦੂਦ ਰਹਿੰਦੀ ਹੈ। ਇੱਥੇ ਆਮ ਲੋਕਾਂ ਨਾਲ ਸਬੰਧਿਤ ਰਾਜ ਪ੍ਰਬੰਧ ਕਾਰਜਕੁਸ਼ਲਤਾ ਵਾਲਾ ਬਣਾਇਆ ਜਾਂਦਾ ਹੈ ਜਿਸ ਵਿੱਚ ਭ੍ਰਿਸ਼ਟਾਚਾਰ ਬਹੁਤ ਘੱਟ ਹੁੰਦਾ ਹੈ। ਅਮੀਰ ਦੇਸ਼ਾਂ ਵਿੱਚ ਰਿਸ਼ਵਤ ਕਾਰਪੋਰੇਟੀ ਅਤੇ ਉੱਚ ਪੱਧਰ 'ਤੇ ਹੁੰਦੀ ਹੈ ਜਿਸ ਦਾ

ਰੋਜ਼ਮਰ੍ਹਾ ਜ਼ਿੰਦਗੀ 'ਤੇ ਸਿੱਧਾ ਅਸਰ ਬਹੁਤ ਘੱਟ ਦਿਖਾਈ ਦਿੰਦਾ ਹੈ। ਇਸ ਨਾਲ ਆਰਥਿਕ ਨਾਬਰਾਬਰੀ ਤਾਂ ਵਧਦੀ ਹੈ ਪਰ ਲੋਕਾਂ ਦੀ ਸਮਾਜਕ ਜ਼ਿੰਦਗੀ ਜ਼ਿਆਦਾ ਪ੍ਰਭਾਵਿਤ ਨਹੀਂ ਹੁੰਦੀ। ਘੱਟ ਵਿਕਸਿਤ ਦੇਸ਼ਾਂ ਵਿੱਚ ਭ੍ਰਿਸ਼ਟਾਚਾਰ ਆਪਣੇ ਨੰਗੇ ਅਤੇ ਵਿਕਰਾਲ ਰੂਪ ਵਿੱਚ ਪ੍ਰਗਟ ਹੁੰਦਾ ਹੈ। ਇਨ੍ਹਾਂ ਜਮਹੂਰੀਅਤਾਂ ਵਿੱਚ ਨਿਗਾਹਬਾਨੀ ਸੰਸਥਾਵਾਂ ਜਾਂ ਤਾਂ ਹੁੰਦੀਆਂ ਹੀ ਨਹੀਂ ਜਾਂ ਬਹੁਤ ਕਮਜ਼ੋਰ ਹੁੰਦੀਆਂ ਹਨ। ਭਾਰਤ ਅਤੇ ਪੰਜਾਬ ਵਿਚ ਅਜਿਹੇ ਹੀ ਹਾਲਾਤ ਬਣੇ ਹੋਏ ਹਨ।

ਕਿਸਾਨੀ ਅੰਦੋਲਨ ਦੌਰਾਨ ਊਰਜਿਤ ਹੋਏ ਪੰਜਾਬ ਦੇ ਲੋਕਾਂ ਨੇ ਰਵਾਇਤੀ ਪਾਰਟੀਆਂ ਦੇ ਭ੍ਰਿਸ਼ਟਾਚਾਰ ਤੋਂ ਤੰਗ ਆ ਕੇ 2022 ਵਿੱਚ ਇਕ ਨਵੀਂ ਪਾਰਟੀ ਵਿੱਚ ਵਿਸ਼ਵਾਸ ਪ੍ਰਗਟ ਕੀਤਾ। ਇਸ ਸਰਕਾਰ ਨੇ ਭ੍ਰਿਸ਼ਟਾਚਾਰ ਵਿਰੁੱਧ ਮੁਹਿੰਮ ਵਿੱਢੀ ਹੈ। ਇਸ ਅਧੀਨ ਪਿਛਲੀਆਂ ਸਰਕਾਰਾਂ ਵਿੱਚ ਵੱਖ ਵੱਖ ਅਹੁਦਿਆਂ 'ਤੇ ਰਹੇ ਸਿਆਸਤਦਾਨਾਂ ਅਤੇ ਅਧਿਕਾਰੀਆਂ ਨੂੰ ਭ੍ਰਿਸ਼ਟਾਚਾਰ ਦੇ ਦੋਸ਼ਾਂ ਕਾਰਨ ਗ੍ਰਿਫਤਾਰ ਕੀਤਾ ਗਿਆ ਹੈ। ਸਰਕਾਰ ਲਈ ਸਭ ਤੋਂ ਮੁਸ਼ਕਿਲ ਕੰਮ ਆਪਣੀ ਪਾਰਟੀ ਦੇ ਕਾਰਕੁਨਾਂ ਵਿਰੁੱਧ ਕਾਰਵਾਈ ਕਰਨਾ ਹੁੰਦਾ ਹੈ ਪਰ ਸਰਕਾਰ ਨੇ ਭ੍ਰਿਸ਼ਟਾਚਾਰ ਦੂਰ ਕਰਨ ਲਈ ਆਪਣੀ ਦ੍ਰਿੜ੍ਹ ਇੱਛਾ-ਸ਼ਕਤੀ ਦਾ ਇਜ਼ਹਾਰ ਕਰਦਿਆਂ ਆਪਣੇ ਕੁੱਝ ਨੇਤਾਵਾਂ ਵਿਰੁੱਧ ਵੀ ਭ੍ਰਿਸ਼ਟਾਚਾਰ ਦੇ ਮਾਮਲੇ ਦਰਜ ਕਰ ਕੇ ਤੁਰੰਤ ਕਾਰਵਾਈ ਕੀਤੀ ਹੈ। ਇਨ੍ਹਾਂ ਕਾਰਵਾਈਆਂ ਸਦਕਾ ਲੋਕ ਮਨ ਉਤਸ਼ਾਹਿਤ ਹੋਇਆ ਹੈ। ਉਨ੍ਹਾਂ ਦੇ ਮਨਾਂ ਵਿੱਚ ਆਸ ਜਾਗੀ ਹੈ ਕਿ ਉਹ ਵੀ ਇੱਕ ਭ੍ਰਿਸ਼ਟਮੁਕਤ ਸਮਾਜ ਬਣ ਸਕਦੇ ਹਨ ਜਿਸ ਵਿੱਚ ਇਮਾਨਦਾਰੀ ਦਾ ਝੰਡਾ ਬੁਲੰਦ ਹੋ ਸਕਦਾ ਹੈ।

ਭ੍ਰਿਸ਼ਟਾਚਾਰ ਨੂੰ ਨੱਥ ਪਾਉਣ ਲਈ ਦੋ ਮੁਹਾਜ਼ਾਂ 'ਤੇ ਲੜਾਈ ਵਿੱਢਣ ਦੀ ਲੋੜ ਹੁੰਦੀ ਹੈ। ਇਕ ਹੈ ਸਰਕਾਰੀ ਪੱਧਰ, ਜਿਸ ਅਧੀਨ ਪ੍ਰਬੰਧਕੀ ਕੰਮਾਂ ਵਿੱਚ ਪਾਰਦਰਸ਼ਤਾ ਤੇ ਲਗਾਤਾਰਤਾ ਸੁਨਿਸ਼ਚਿਤ ਕਰਨੀ ਅਤੇ ਦੂਜਾ ਹੈ ਲੋਕਾਂ ਦੀ ਨਿਜੀ ਤੇ ਸਮੂਹਿਕ ਸ਼ਮੂਲੀਅਤ। ਸੂਬਾ ਪੱਧਰ 'ਤੇ ਭ੍ਰਿਸ਼ਟਾਚਾਰ ਵਿਰੁੱਧ ਕੰਮ ਕਰਨ ਵਾਲੀਆਂ ਸੰਸਥਾਵਾਂ ਜਿਵੇਂ ਵਿਜੀਲੈਂਸ ਵਿਭਾਗ ਅਤੇ ਆਡਿਟ ਵਿਭਾਗ ਨੂੰ ਸਰਗਰਮ ਕਰਨ ਦੀ ਅਤਿ ਆਵਸ਼ਕਤਾ ਹੈ। ਇਨ੍ਹਾਂ ਵਿਭਾਗਾਂ ਦੀਆਂ ਕਾਰਵਾਈਆਂ ਤੋਂ ਬਾਅਦ ਭ੍ਰਿਸ਼ਟਾਚਾਰੀ ਮੁੱਕਦਮੇ ਅਦਾਲਤਾਂ ਵਿੱਚ ਨਜਿੱਠੇ ਜਾਣੇ ਹਨ ਜਿਸ ਲਈ ਪੈਰਵੀ/ਪ੍ਰਾਸੀਕਿਊਸ਼ਨ ਵਿਭਾਗ ਨੂੰ ਹੋਰ ਚੁਸਤ-ਫੁਰਤ ਤੇ ਕਾਰਗਰ ਬਣਾਉਣ ਦੀ ਲੋੜ ਹੈ। ਇਹ ਵੀ ਯਕੀਨੀ ਬਣਾਇਆ ਜਾਣਾ ਚਾਹੀਦਾ ਹੈ ਕਿ ਕੋਈ ਕਾਰਵਾਈ ਬਦਲਾਲਊ ਭਾਵਨਾ ਨਾਲ ਨਾ ਕੀਤੀ ਜਾਵੇ। ਇਸ ਲੜਾਈ ਦੀ ਕਾਮਯਾਬੀ ਲਈ ਜਮਹੂਰੀ ਜਥੇਬੰਦੀਆਂ ਅਤੇ ਸੰਸਥਾਵਾਂ ਦੀ ਭੂਮਿਕਾ ਅਹਿਮ ਹੈ। ਪੰਜਾਬ ਵਿੱਚ ਕੋਈ ਅਜਿਹੀ ਇਮਾਨਦਾਰ ਤੇ ਦਿਆਨਤਦਾਰ ਨਾਗਰਿਕਾਂ ਦੀ ਸੰਸਥਾ ਨਜ਼ਰ ਨਹੀਂ ਆਉਂਦੀ ਜਿਹੜੀ ਸਿਆਸਤਦਾਨਾਂ, ਕਾਰੋਬਾਰੀਆਂ ਤੇ ਅਧਿਕਾਰੀਆਂ ਦੀ ਕਾਰਗੁਜ਼ਾਰੀ ਦੀ ਨਿਗਾਹਬਾਨੀ ਕਰ ਸਕੇ ਅਤੇ ਨਾਗਰਿਕਾਂ ਦੇ ਮੁੱਦਿਆਂ ਤੇ ਰਿਸ਼ਵਤਖੋਰੀ ਦੇ ਕੇਸਾਂ ਨੂੰ ਉਠਾ ਸਕੇ। ਨਿਜੀ ਪੱਧਰ 'ਤੇ ਕੰਮ ਕਰਨ ਵਾਲੇ ਕੁੱਝ ਸਮਾਜਿਕ ਕਾਰਕੁਨ, ਵਕੀਲਾ ਆਦਿ ਤਾਂ ਹਨ ਪਰ ਸਮੂਹਿਕ ਪੱਧਰ 'ਤੇ ਭ੍ਰਿਸ਼ਟਾਚਾਰ ਵਿਰੁੱਧ ਲੜਨ ਵਾਲੀਆਂ ਜਨਤਕ ਸੰਸਥਾਵਾਂ ਦੀ ਘਾਟ ਖਟਕਦੀ ਹੈ। ਜਥੇਬੰਦ ਜਮਹੂਰੀ ਲੋਕ-ਤਾਕਤਾਂ ਹੀ ਸ਼ਾਸਕਾਂ, ਅਧਿਕਾਰੀਆਂ ਤੇ ਕਾਰੋਬਾਰੀਆਂ ਦੇ ਭ੍ਰਿਸ਼ਟਾਚਾਰ 'ਤੇ ਨਿਗਾਹਬਾਨੀ ਕਰਨ ਵਾਲੀਆਂ ਸੰਸਥਾਵਾਂ ਤੇ ਜਥੇਬੰਦੀਆਂ ਬਣਾ ਸਕਦੀਆਂ ਹਨ। ਭ੍ਰਿਸ਼ਟਾਚਾਰ ਵਿਰੁੱਧ ਲੜਨ ਲਈ ਹੋਰ ਜਮਹੂਰੀਅਤ ਅਤੇ ਜਮਹੂਰੀ ਜਥੇਬੰਦੀਆਂ ਦੀ ਲੋੜ ਹੈ। ਲੋਕਾਂ ਦਾ ਲਗਾਤਾਰ ਜਮਹੂਰੀ ਅਮਲ ਹੀ ਨੈਤਿਕ ਕਦਰਾਂ-ਕੀਮਤਾਂ ਨੂੰ ਮਜ਼ਬੂਤ ਕਰ ਕੇ ਭ੍ਰਿਸ਼ਟਾਚਾਰ 'ਤੇ ਨਕੇਲ ਪਾ ਸਕਦਾ ਹੈ। ਇਸ ਲਈ ਭ੍ਰਿਸ਼ਟਾਚਾਰ ਰੂਪੀ ਘੁਣ ਦਾ ਬੀਜ-ਨਾਸ਼ ਕਰਨ ਲਈ ਲਗਾਤਾਰ ਸਰਕਾਰੀ ਕਾਰਵਾਈ, ਸਮਾਜਿਕ ਦਬਾਅ, ਪਾਰਦਰਸ਼ਤਾ ਤੇ ਜ਼ਮਹੂਰੀ ਜਥੇਬੰਦੀਆਂ ਦੀ ਹਮਾਇਤ ਦੀ ਜ਼ਰੂਰਤ ਹੈ।

* * * * *

## ਗ਼ਜ਼ਲ



ਬਲਬੀਰ ਸਿੰਘ ਸੈਣੀ
ਨੰਗਲ

ਬਿਨ ਪੜ੍ਹਿਆਂ ਇਕ ਅਵਲ ਆਇਆ,
ਦੂਜਾ ਪੜ੍ਹ ਪੜ੍ਹ ਫ਼ੇਲ ਹੋ ਗਿਆ,
ਭਰਿਸ਼ਟਾਚਾਰ ਦਾ ਗਿੱਠ ਕੁ ਟੋਟਾ,
ਵਧ ਕੇ ਅੰਬਰ ਵੇਲ ਹੋ ਗਿਆ।

ਹੋਰ ਸਮਾਂ ਸੀ ਜਦ ਵਿਕ ਜਾਣਾ,
ਮਰਨੋਂ ਵੱਧ ਬੁਰਾ ਮੰਨਦੇ ਸੀ,
ਹੁਣ ਸਿਆਸਤ-ਮੰਡੀ ਵਿਚ ਵਿਕਣਾ,
ਨੇਤਾਵਾਂ ਲਈ ਖੇਲ੍ਹ ਹੋ ਗਿਆ।

ਦੋਹੀਂ ਹੱਥੀਂ ਲੁੱਟ ਰਹੇ ਨੇ,
ਹੁਣ ਨਹੀਂ ਖੈਰ ਵਤਨ ਦੀ ਲੋਕੋ,
ਚੋਰ-ਉਚੱਕੇ ਅਤੇ ਚੌਧਰੀ ਦਾ ਹੈ ਪੱਕਾ ਮੇਲ ਹੋ ਗਿਆ।

ਰਾਸ਼ਨ ਦੇ ਡੀਪੂ 'ਤੇ ਜਦ ਵੀ ਰਾਸ਼ਨ ਆਉਂਦੈ,
ਸ਼ਾਮ ਨੂੰ ਆਉਂਦੈ,
ਦਿਨ ਚੜ੍ਹਦੇ ਪਰ ਲਿਖਿਆ ਹੁੰਦਾ,
ਰਾਸ਼ਨ ਸਾਰਾ 'ਸੇਲ' ਹੋ ਗਿਆ।

ਹੁਕਮ ਬਜਾਉਣਾ, ਦਿਲ ਪਰਚਾਉਣਾ,
ਤਨ ਮਨ ਸੀਖ ਕਮਾ ਕੇ ਲਿਆਉਣਾ,
'ਸੈਣੀ' ਅਜੋਕੇ ਯੁੱਗ ਦੇ ਅੰਦਰ,
ਅੱਜ ਦਾ ਮਰਦ ਰਖੇਲ ਹੋ ਗਿਆ।

ਜਨਵਰੀ - ਮਾਰਚ 2023 ਦੌਰਾਨ

# ਸੈਣੀ ਭਵਨ ਦੀਆਂ ਸਰਗਰਮੀਆਂ



ਰਾਜਿੰਦਰ ਸੈਣੀ
ਰੂਪਨਗਰ

**<u>19ਵੇਂ ਖ਼ੂਨਦਾਨ ਕੈਂਪ ਦਾ ਆਯੋਜਨ</u>**- ਕਾਕਾ ਰਾਮ ਸੈਣੀ ਚੈਰੀਟੇਬਲ ਟਰੱਸਟ (ਰਜਿ.) ਵਲੋਂ 8 ਜਨਵਰੀ, 2023 ਨੂੰ ਸੈਣੀ ਭਵਨ ਵਿਖੇ ਨਵੇਂ ਸਾਲ 2023 ਨੂੰ ਸਮਰਪਿਤ 19ਵਾਂ ਖ਼ੂਨਦਾਨ ਕੈਂਪ ਲਗਾਇਆ ਗਿਆ ਜਿਸ ਦੌਰਾਨ ਰੋਟਰੀ ਐਂਡ ਬਲੱਡ ਬੈਂਕ ਸੋਸਾਇਟੀ ਰਿਸੋਰਸ ਸੈਂਟਰ, ਚੰਡੀਗੜ੍ਹ ਦੀ ਡਾ. ਰੌਲੀ ਅਗਰਵਾਲ ਦੀ ਅਗਵਾਈ ਵਿੱਚ ਆਈ ਟੀਮ ਨੇ 41 ਵਿਅਕਤੀਆਂ ਤੋਂ ਖ਼ੂਨ ਇਕੱਠਾ ਕੀਤਾ। ਇਸ ਕੈਂਪ ਨੂੰ ਸਫ਼ਲ ਬਣਾਉਣ ਲਈ ਰੋਟਰੀ ਕਲੱਬ ਰੂਪਨਗਰ, ਰਜ਼ਨੀ ਹਰਬਲਜ਼ ਮਲਿਕਪੁਰ, ਜ਼ਿਲ੍ਹਾ ਪੁਲਿਸ ਸਾਂਝ ਕੇਂਦਰ ਰੋਪੜ ਅਤੇ ਗੁਰੂ ਨਾਨਕ ਕਰਿਆਨਾ ਸਟੋਰ ਪਪਰਾਲਾ ਵਲੋਂ ਭਰਪੂਰ ਸਹਿਯੋਗ ਦਿੱਤਾ ਗਿਆ। ਕੈਂਪ ਦਾ ਉਦਘਾਟਨ ਸ਼ਹਿਰ ਦੇ ਉੱਘੇ ਸਮਾਜਸੇਵੀ ਮਾਨਵ ਅਧਿਕਾਰ ਐਡਵੋਕੇਟ ਮਹਿੰਦਰ ਸਿੰਘ ਭਲਿਆਣ ਨੇ ਕੀਤਾ ਅਤੇ ਉਨ੍ਹਾਂ ਖ਼ੂਨਦਾਨੀਆਂ ਨੂੰ ਅਸ਼ੀਰਵਾਦ ਦਿੱਤਾ। ਉਨ੍ਹਾਂ ਸੈਣੀ ਭਵਨ ਦੀ ਸੰਸਥਾ ਵਲੋਂ ਕੀਤੇ ਜਾ ਰਹੇ ਲੋਕ ਸੇਵਾ ਕਾਰਜਾਂ ਦੀ ਪ੍ਰਸ਼ੰਸਾ ਕਰਦਿਆਂ ਸੰਸਥਾ ਰਾਹੀ ਲੋੜਵੰਦ ਵਿਦਿਆਰਥੀਆਂ ਨੂੰ ਵਜ਼ੀਫੇ ਦੇਣ ਲਈ 21 ਹਜ਼ਾਰ ਰੁਪਏ ਦਿੱਤੇ। ਉਨ੍ਹਾਂ ਮਾਨਵ ਅਧਿਕਾਰਾਂ ਪ੍ਰਤੀ ਅਰੰਭੀ ਆਪਣੀ ਮੁਹਿੰਮ ਬਾਰੇ ਚਾਨਣਾ ਪਾਉਦਿਆਂ ਇਸ ਮੁਹਿੰਮ ਨਾਲ ਕੀਤੀਆਂ ਪ੍ਰਾਪਤੀਆਂ ਬਾਰੇ ਦੱਸਿਆ। ਇਸ ਮੌਕੇ ਬੋਲਦਿਆਂ ਨਹਿਰੂ ਯੁਵਾ ਸੰਗਠਨ ਅਧੀਨ ਚੰਡੀਗੜ੍ਹ ਜੋਨ ਦੇ ਡਾਇਰੈਕਟਰ ਸ਼੍ਰੀ ਸੁਰਿੰਦਰ ਸੈਣੀ ਨੇ ਕਿਹਾ ਕਿ ਖੂਨਦਾਨ ਵਰਗੇ ਲੋਕ ਭਲਾਈ ਦੇ ਨੇਕ ਕਾਰਜ ਕਰਨ ਲਈ ਸੈਣੀ ਭਵਨ ਦੇ ਪ੍ਰਬੰਧਕ ਵਧਾਈ ਦੇ ਪਾਤਰ ਹਨ। ਇਸ ਮੌਕੇ ਸੰਸਥਾ ਦੇ ਸਕੱਤਰ ਬਲਬੀਰ ਸਿੰਘ ਸੈਣੀ ਨੇ ਸੈਣੀ ਭਵਨ ਦੇ ਸਮਾਜ ਸੇਵਾ ਕਾਰਜਾਂ 'ਤੇ ਚਾਨਣਾ ਪਾਇਆ ਜਦੋਂ ਕਿ ਪੀਆਰਓ ਰਾਜਿੰਦਰ ਸੈਣੀ ਨੇ ਆਏ ਮਹਿਮਾਨਾਂ ਦਾ ਸਵਾਗਤ ਤੇ ਧੰਨਵਾਦ ਕੀਤਾ। ਸਮਾਗਮ ਨੂੰ ਸਮਾਜ ਸੇਵੀ ਠੇਕੇਦਾਰ ਅਮਰਜੀਤ ਸਿੰਘ ਸੈਣੀ ਨੇ ਵੀ ਸੰਬੋਧਨ ਕੀਤਾ। ਕੈਂਪ ਦੌਰਾਨ ਰਣਜੀਤ ਸਿੰਘ ਵਲੋਂ 63ਵੀਂ ਵਾਰ, ਜਗਦੇਵ ਸਿੰਘ ਵਲੋਂ 38ਵੀਂ ਵਾਰ, ਇੰਦਰਵੀਰ ਸਿਘ ਵਲੋਂ 30ਵੀਂ ਵਾਰ, ਅਮਿਤ ਸੈਣੀ ਤੇ ਰੋਹਿਤ ਸਿੰਘ ਵਲੋਂ 26ਵੀਂ ਵਾਰ, ਹਰਜੀਤ ਸਿੰਘ ਵਲੋਂ 25ਵੀਂ ਵਾਰ, ਚਰਨਦੀਪ ਸਿੰਘ ਤੇ ਅੰਮ੍ਰਿਤਪਾਲ ਸਿੰਘ ਵਲੋਂ 21ਵੀਂ ਵਾਰ, ਕਮਲਜੀਤ ਸਿੰਘ ਬਾਬਾ ਵਲੋਂ 17ਵੀਂ ਵਾਰ ਖ਼ੂਨਦਾਨ ਕੀਤਾ ਗਿਆ। ਕੈਂਪ ਨੂੰ ਸਫ਼ਲ ਬਣਾਉਣ ਲਈ ਬਲੱਡ ਡੋਨਰ ਕਮਲਜੀਤ ਸਿੰਘ ਬਾਬਾ, ਦਲਜੀਤ ਸਿੰਘ, ਜਗਦੇਵ ਸਿੰਘ ਵੱਲੋਂ ਅਹਿਮ ਭੂਮਿਕਾ ਨਿਭਾਈ ਗਈ। ਇਸ ਮੌਕੇ ਸ਼੍ਰੀਮਤੀ ਜਯਾ ਸੈਣੀ ਡਵੈਲਮੈਂਟ ਮੈਨੇਜਰ ਸੈਂਟ ਕਾਰਮਲ ਸਕੂਲ, ਡੀ ਐਸ ਪੀ ਓਲੰਪੀਅਨ ਧਰਮਵੀਰ ਸਿੰਘ, ਰੋਟਰੀ ਕਲੱਬ ਰੂਪਨਗਰ ਦੇ ਪ੍ਰਧਾਨ ਇੰਜ. ਪਰਮਿੰਦਰ ਸਿੰਘ, ਸਕੱਤਰ ਅਜੇ ਤਲਵਾੜ, ਊਸ਼ਾ ਭਾਟੀਆ ਆਪਣੀ ਟੀਮ ਸਮੇਤ ਅਤੇ ਇੰਜ.ਅਮਰੀਕ ਸਿੰਘ, ਕੁਲਦੀਪ ਸਿੰਘ ਗੋਲੀਆ, ਗੁਰਮੁੱਖ ਸਿੰਘ ਸੈਣੀ, ਕੈਪਟਨ ਹਾਕਮ ਸਿੰਘ, ਗੁਰਮੁੱਖ ਸਿੰਘ ਲੋਂਗੀਆ, ਰਾਮ ਸਿੰਘ ਸੈਣੀ, ਬਹਾਦਰਜੀਤ ਸਿੰਘ, ਰਾਜਿੰਦਰ ਸਿੰਘ ਨਨ੍ਹੂਆਂ, ਅਮਰਜੀਤ ਸਿੰਘ, ਐਡਵੋਕੇਟ ਰਾਵਿੰਦਰ ਸਿੰਘ ਮੁੰਦਰਾ, ਹਰਜੀਤ ਸਿੰਘ ਸੈਣੀ, ਰਾਜਿੰਦਰ ਸਿੰਘ ਗਿਰਨ, ਹਰਦੀਪ ਸਿੰਘ, ਮਾਸਟਰ ਹਰਦੇਵ ਸਿੰਘ, ਜ਼ਿਲ੍ਹਾ ਅਤੇ ਸਾਂਝ ਕੇਂਦਰ ਦੇ ਨੁਮਾਇੰਦੇ ਹਾਜ਼ਰ ਸਨ।

**<u>ਮੈਗਜ਼ੀਨ ''ਸੈਣੀ ਸੰਸਾਰ'' ਦੇ 47ਵੇਂ ਅੰਕ ਦਾ ਲੋਕਅਰਪਣ :</u>**-ਲੋਕ ਸੇਵਾ ਕਰਨਾ ਕੋਈ ਆਸਾਨ ਕੰਮ ਨਹੀਂ ਅਤੇ ਜੋ ਲੋਕੀ ਇਸ ਖੇਤਰ ਨੂੰ ਸਮਰਪਿਤ ਹਨ ਉਹ ਮਹਾਨ ਹਨ। ਇਸ ਗੱਲ ਦਾ ਪ੍ਰਗਟਾਵਾ ਸਿੱਖਿਆ ਨੂੰ ਸਮਰਪਿਤ ਸੈਂਟ ਕਾਰਮਲ ਸਕੂਲ ਕਟਲੀ (ਰੂਪਨਗਰ) ਦੀ ਡਵੈਲਪਮੈਂਟ ਸ਼੍ਰੀਮਤੀ ਜਯਾ ਸੈਣੀ ਨੇ 8 ਜਨਵਰੀ, 2023 ਨੂੰ ਸੈਣੀ ਭਵਨ ਵਿਖੇ ਸਮਾਜ ਸੇਵੀ ਸੰਸਥਾ ਕਾਕਾ ਰਾਮ ਸੈਣੀ ਚੈਰੀਟੇਬਲ ਟਰੱਸਟ (ਰਜਿ.) ਵਲੋਂ ਪ੍ਰਕਾਸ਼ਿਤ ਕੀਤੇ ਜਾਂਦੇ ਸਮਾਜਿਕ ਚੇਤਨਾ ਦੇ ਪ੍ਰਤੀਕ ਤਿਮਾਹੀ ਮੈਗਜ਼ੀਨ ''ਸੈਣੀ ਸੰਸਾਰ'' ਦਾ 47ਵਾਂ ਅੰਕ ਲੋਕਅਰਪਣ ਕਰਦਿਆਂ ਉਨ੍ਹਾਂ ਕਿਹਾ ਕਿ ਅੱਜ ਦੇ ਯੁਗ ਵਿੱਚ ਕਿਸੇ ਲਈ ਸਮਾਂ ਦੇਣਾ ਖਾਸ ਕਰਕੇ ਲੋਕ ਸੇਵਾ ਲਈ ਕੋਈ ਆਸਾਨ ਕੰਮ ਨਹੀਂ। ਸੈਣੀ ਭਵਨ ਦੇ ਪ੍ਰਬੰਧਕਾਂ ਨੇ ਸਮਾਜ ਸੇਵਾ ਦੇ ਖ਼ੇਤਰ ਵਿੱਚ ਆਪਣੀ ਵੱਖਰੀ ਪਹਿਚਾਣ ਹੀ ਨਹੀਂ ਬਣਾਈ ਹੈ ਸਗੋਂ ਇਹ ਸੰਸਥਾ ਦੂਜਿਆਂ ਲਈ ਮਿਸਾਲ ਹੈ। ਉਨ੍ਹਾਂ ਸੰਸਥਾ ਦੇ ਪ੍ਰਬੰਧਕਾਂ ਨੂੰ ਵਧਾਈ ਦਿੰਦੇ ਹੋਏ ਟਰੱਸਟ ਨੂੰ 21 ਹਜ਼ਾਰ ਰੁਪਏ ਦਾਨ ਵੀ ਕੀਤੇ। ਇਸ ਮੌਕੇ ਬੋਲਦਿਆਂ ਸਮਾਜਸੇਵੀ ਅਮਰਜੀਤ ਸਿੰਘ ਸੈਣੀ ਨੇ ਕਿਹਾ ਕਿ ਸੈਣੀ ਭਵਨ ਦੇ ਪ੍ਰਬੰਧਕ ਅਸਲ ਸੇਵਾ ਕਰ ਰਹੇ ਹਨ। ਉਨ੍ਹਾਂ ਇਸ ਸਬੰਧ ਵਿੱਚ ਸਮਾਜ ਦੇ ਪੁਰਾਣੇ ਬਜ਼ੁਰਗਾਂ ਵਲੋਂ ਵਿਖਾਏ ਮਾਰਗ ਲਈ ਉਨ੍ਹਾਂ ਨੂੰ ਯਾਦ ਕੀਤਾ। ਸੰਸਥਾ ਦੇ ਟਰੱਸਟੀ ਰਾਮ ਸਿੰਘ ਸੈਣੀ ਨੇ ਸ਼੍ਰੀਮਤੀ ਜਯਾ ਸੈਣੀ ਦੇ ਪਰਿਵਾਰ ਵਲੋਂ ਵੱਖ ਵੱਖ ਖੇਤਰ ਵਿੱਚ ਪਾਏ ਜਾ ਰਹੇ ਯੋਗਦਾਨ ਦਾ ਜ਼ਿਕਰ ਕੀਤਾ ਅਤੇ ਸੰਸਥਾ ਦੇ ਸਕੱਤਰ ਬਲਬੀਰ ਸਿੰਘ ਸੈਣੀ ਅਤੇ ਪੀਆਰਓ ਰਾਜਿੰਦਰ ਸੈਣੀ ਨੇ ਆਪਣੇ ਮੁੱਖ ਮਹਿਮਾਨ, ਪਤਵੰਤੇ ਵਿਅਕਤੀਆਂ ਅਤੇ ਹਾਜ਼ਰੀਨ ਦਾ ਸਵਾਗਤ ਤੇ ਧੰਨਵਾਦ ਕੀਤਾ।

**<u>ਓਲੰਪੀਅਨ ਧਰਮਵੀਰ ਸਿੰਘ ਦਾ ਸਨਮਾਨ :-</u>** ਸੈਣੀ ਭਵਨ ਦੇ ਪ੍ਰਬੰਧਕਾਂ ਵਲੋ 8 ਜਨਵਰੀ, 2023 ਨੂੰ ਸੈਣੀ ਭਵਨ 'ਚ ਇਕ ਸਮਾਰੋਹ ਦੌਰਾਨ ਰੋਪੜ ਜ਼ਿਲ੍ਹੇ ਦੇ ਪਿੰਡ ਖੈਰਾਬਾਦ ਦੇ ਜੰਮਪਲ ਅਤੇ ਜ਼ਿਲ੍ਹੇ ਦਾ ਨਾਂ ਹਾਕੀ ਖੇਡ ਜਗਤ ਵਿੱਚ ਰੋਸ਼ਨ

ਕਰਨ ਵਾਲੇ ਉਲੰਪੀਅਨ ਧਰਮਵੀਰ ਸਿੰਘ ਦਾ ਵਿਸ਼ੇਸ਼ ਤੌਰ 'ਤੇ ਸਨਮਾਨ ਕੀਤਾ ਗਿਆ। ਧਰਮਵੀਰ ਸਿੰਘ ਜੋ ਕਿ ਹੁਣ ਪੰਜਾਬ ਪੁਲਿਸ ਵਿੱਚ ਬਤੌਰ ਡੀਐਸਪੀ ਸੇਵਾ ਨਿਭਾ ਰਹੇ ਹਨ, ਨੂੰ ਹਾਕੀ ਖੇਡ ਵਿੱਚ ਪ੍ਰਾਪਤੀਆਂ ਲਈ ਦੇਸ਼ ਦੇ ਮਾਨਯੋਗ ਰਾਸ਼ਟਰਪਤੀ ਵਲੋਂ ਮੇਜਰ ਧਿਆਨ ਚੰਦ ਲਾਈਫ ਅਵਾਰਡ ਨਾਲ ਸਨਮਾਨਿਤ ਕੀਤਾ ਗਿਆ ਹੈ। ਸੈਣੀ ਭਵਨ ਦੇ ਪ੍ਰਬੰਧਕਾਂ ਵਲੋਂ ਉਨ੍ਹਾਂ ਨੂੰ ਇਹ ਸਨਮਾਨ ਮਿਲਣ 'ਤੇ ਵਧਾਈ ਦਿੱਤੀ। ਇਸ ਮੌਕੇ 'ਤੇ ਬੋਲਦਿਆਂ ਧਰਮਵੀਰ ਸਿੰਘ ਨੇ ਉਨ੍ਹਾਂ ਨੂੰ ਸਨਮਾਨਿਤ ਕਰਨ ਲਈ ਸੰਸਥਾ ਵਲੋਂ ਵਿਖਾਏ ਪਿਆਰ ਦਾ ਧੰਨਵਾਦ ਕੀਤਾ ਅਤੇ ਕਿਹਾ ਕਿ ਉਸ ਨੂੰ ਸੰਸਥਾ ਵਿੱਚ ਆਕੇ ਨੇਕ ਕਾਰਜ ਕਰਨ ਦੀ ਪ੍ਰੇਰਣਾ ਮਿਲਦੀ ਹੈ।

ਇਸ ਸਮਾਰੋਹ ਦੌਰਾਨ ਇੰਡੀਅਨ ਇੰਸਟੀਚਿਊਟ ਆਫ ਸਾਇੰਸ ਐਜ਼ੂਕੇਸ਼ਨ ਐਂਡ ਰਿਸਰਚ, ਮੋਹਾਲੀ (ਆਈਆਈਐਸਈਆਰ) ਤੋਂ ਜੀਵ ਵਿਗਿਆਨ 'ਚ ਪੜ੍ਹਾਈ ਕਰ ਰਹੀ ਵਿਦਿਆਰਥਣ ਸ਼ਵੇਤਾ ਸੈਣੀ ਨੂੰ ਆਪਣੀ ਉਚੇਰੀ ਸਿੱਖਿਆ ਪੂਰੀ ਕਰਨ ਲਈ ਡੇਢ ਲੱਖ ਰੁਪਏ ਦਾ ਐਲ. ਆਰ. ਮੁੰਦਰਾ ਮੈਮੋਰਿਅਲ ਵਜੀਫ਼ੇ ਦਾ ਚੈਕ ਵੀ ਭੇਟ ਕੀਤਾ ਗਿਆ।

**ਡਾ. ਬਲਬੀਰ ਸਿੰਘ ਸੈਣੀ ਨੂੰ ਸਿਹਤ ਮੰਤਰੀ ਬਣਾਏ ਜਾਣ 'ਤੇ ਖੁਸ਼ੀ ਦਾ ਪ੍ਰਗਟਾਵਾ :–**ਸੈਣੀ ਭਵਨ ਦੇ ਪ੍ਰਬੰਧਕਾਂ ਨੇ ਡਾ. ਬਲਬੀਰ ਸਿੰਘ ਸੈਣੀ ਪਟਿਆਲਾ ਨੂੰ ਪੰਜਾਬ ਮੰਤਰੀ ਮੰਡਲ ਵਿੱਚ ਸਿਹਤ ਮੰਤਰੀ ਬਣਾਏ ਜਾਣ ਤੇ ਖੁਸ਼ੀ ਦਾ ਪ੍ਰਗਟਾਵਾ ਕੀਤਾ ਹੈ। ਸੰਸਥਾ ਦੀ ਪ੍ਰਬੰਧਕੀ ਕਮੇਟੀ ਦੇ ਪ੍ਰਧਾਨ ਡਾ. ਅਜਮੇਰ ਸਿੰਘ ਤੰਬੜ ਨੇ ਕਿਹਾ ਕਿ ਮੁੱਖ ਮੰਤਰੀ ਭਗਵੰਤ ਮਾਨ ਵਲੋਂ ਉੱਘੇ ਸਮਾਜ ਸੇਵੀ ਡਾ. ਬਲਬੀਰ ਸਿੰਘ ਸੈਣੀ ਨੂੰ ਮੰਤਰੀ ਮੰਡਲ ਵਿੱਚ ਸ਼ਾਮਲ ਕਰਕੇ ਬਹੁਤ ਹੀ ਸੂਝਬੂਝ ਵਾਲਾ ਫੈਸਲਾ ਲਿਆ ਹੈ ਅਤੇ ਇੱਕ ਸਮਾਜ ਸੇਵੀ ਨੂੰ ਪੰਜਾਬ ਦੇ ਲੋਕਾਂ ਦੀ ਸੇਵਾ ਕਰਨ ਦਾ ਮੌਕਾ ਦਿੱਤਾ ਗਿਆ ਹੈ। ਉਨ੍ਹਾਂ ਮੰਤਰੀ ਬਣਨ 'ਤੇ ਡਾ. ਬਲਬੀਰ ਸਿੰਘ ਸੈਣੀ ਨੂੰ ਵੀ ਵਧਾਈ ਦਿੱਤੀ ਹੈ ਅਤੇ ਕਿਹਾ ਹੈ ਉਨ੍ਹਾਂ ਦੇ ਮੰਤਰੀ ਬਨਣ ਨਾਲ ਬਰਾਦਰੀ ਦਾ ਵੀ ਮਾਣ ਵਧਿਆ ਹੈ।

**ਲੋਹੜੀ ਦਾ ਤਿਉਹਾਰ :–**ਸੈਣੀ ਭਵਨ ਵਿਖੇ 12 ਜਨਵਰੀ, 2023 ਨੂੰ ਲੋਹੜੀ ਦਾ ਤਿਉਹਾਰ ਸੰਸਥਾ ਦੇ ਪ੍ਰਬੰਧਕਾਂ ਅਤੇ ਇੱਥੇ ਵੱਖ ਵੱਖ ਕਿੱਤਿਆਂ ਦੀ ਸਿੱਖਲਾਈ ਪ੍ਰਾਪਤ ਕਰ ਰਹੀਆਂ ਸਿੱਖਆਰਥਣਾਂ ਨੇ ਮਿਲ ਕੇ ਮਨਾਇਆ। ਵਿਰਸੇ ਦੇ ਪ੍ਰਤੀਕ ਤਿਉਹਾਰ ਦਾ ਆਰੰਭ ਸੈਣੀ ਭਵਨ ਦੀ ਚੜ੍ਹਦੀ ਕਲਾ ਲਈ ਸਮੂਹ ਹਾਜ਼ਰੀਨ ਨੇ ਅਰਦਾਸ ਕਰਨ ਉਪਰੰਤ ਲੋਹੜੀ ਜਲਾ ਕੇ ਕੀਤਾ ਗਿਆ। ਲੋਹੜੀ ਦੀ ਅਗਨੀ 'ਤੇ ਅਹੁਤੀ ਪਾਈ ਅਤੇ ਇੱਕ ਦੂਜੇ ਨੂੰ ਲੋਹੜੀ ਦੀ ਵਧਾਈ ਦਿੱਤੀ। ਇਸ ਮੌਕੇ 'ਤੇ ਸਿੱਖਆਰਥਣਾਂ ਨੇ ਲੋਹੜੀ ਦੇ ਗੀਤਾਂ 'ਤੇ ਨੱਚ-ਟੱਪ ਕੇ ਆਪਣੇ ਫਨ ਦਾ ਖੁਲ੍ਹ ਕੇ ਇਜ਼ਹਾਰ ਕੀਤ। ਇਸ ਮੌਕੇ ਸੰਸਥਾ ਦੇ ਪ੍ਰਬੰਧਕਾਂ ਸਮੇਤ ਸਿਖਲਾਈ ਅਧਿਆਪਕਾਵਾਂ ਹਾਜ਼ਰ ਸਨ। ਸਭ ਨੇ ਲੋਹੜੀ ਦੀ ਖੁਸ਼ੀ 'ਚ ਮੂੰਗਫਲੀ, ਰਿਉੜੀਆਂ, ਗੱਚਕ ਅਤੇ ਭੁੱਗੇ ਦਾ ਅਨੰਦ ਵੀ ਮਾਣਿਆ।



13 ਜਨਵਰੀ 2023 ਦੇ ਦਿਨ ਹਵੇਲੀ ਕਲਾਂ ਵਿਖੇ ਸਰਵਸਵਤੀ ਦੇਵੀ ਮੁੰਡਰਾ ਚੈਰੀਟੇਬਲ ਟਰੱਸਟ (ਰਜਿ) ਵਲੋਂ ਚਲਾਏ ਜਾ ਰਹੇ ਬਜ਼ੁਰਗਾਂ ਦੇ "ਆਪਣਾ ਘਰ" ਵਿਖੇ ਲੋਹੜੀ ਦਾ ਤਿਉਹਾਰ ਪੂਰੇ ਉਤਸ਼ਾਹ ਨਾਲ ਮਨਾਇਆ। ਲੋਹੜੀ ਬਾਲਣ ਦੀ ਰਸਮ ਦਾ ਅਰੰਭ ਸ਼ਹਿਰ ਦੇ ਉੱਘੇ ਸਮਾਜ ਸੇਵਕ ਅਤੇ ਟਰੱਸਟ ਦੇ ਪੈਟਰਨ ਡਾ. ਆਰ. ਐਸ. ਪਰਮਾਰ ਨੇ ਕੀਤਾ। ਸਮਾਗਮ ਨੂੰ ਸਫ਼ਲ ਬਣਾਉਣ ਲਈ ਇੰਨਰਵੀਲ ਕਲੱਬ ਰੂਪਨਗਰ, ਇਸ ਕਲੱਬ ਦੀਆਂ ਨੌਜਵਾਨ ਬੱਚੀਆਂ ਦੇ ਰਾਕ ਸਟਾਰ ਕਲੱਬ ਅਤੇ ਜ਼ਿਲ੍ਹਾ ਪੁਲਿਸ ਸਾਂਝ ਕੇਂਦਰ ਤੇ ਸੇਵਾ ਕੇਂਦਰ ਰੂਪਨਗਰ ਦੇ ਮੈਂਬਰਾਂ ਨੇ ਸਹਿਯੋਗ ਦਿੱਤਾ।

**ਸਿਖਿਆਰਥਣਾਂ ਲਈ ਸਿਖਲਾਈ ਕੈਂਪ–** ਨਹਿਰੂ ਯੁਵਕ ਕੇਂਦਰ ਰੋਪੜ ਵਲੋਂ 4 ਜਨਵਰੀ -6 ਜਨਵਰੀ, 2023 ਤੱਕ ਸੈਣੀ ਭਵਨ ਵਿਖੇ 'ਨੌਜਵਾਨਾਂ ਦਾ ਸਮਾਜ ਦੇ ਸਮੁਚਿਤ ਵਿਕਾਸ ਲਈ ਯੋਗਦਾਨ' ਵਿਸ਼ੇ 'ਤੇ ਇਕ ਸਿਖਲਾਈ ਕੈਂਪ ਦਾ ਆਯੋਜਿਨ ਕੀਤਾ ਗਿਆ। ਇਸ ਵਿੱਚ ਖੇਤਰ ਦੇ ਹੋਰ ਨੌਜਵਾਨਾਂ ਸਮੇਤ ਸੈਣੀ ਭਵਨ ਰੋਪੜ ਵਿੱਚ ਕਿੱਤਾ ਸਿਖਲਾਈ ਪ੍ਰਾਪਤ ਕਰ ਰਹੀਆਂ ਲੜਕੀਆਂ ਨੇ ਵੀ ਸ਼ਮੂਲੀਅਤ ਕੀਤੀ। ਇਸ ਕੈਂਪ ਦਾ ਉਦਘਾਟਨ ਰੋਪੜ ਦੇ ਐਸ.ਡੀ.ਐਮ.ਸ਼੍ਰੀ ਹਰਬੰਸ ਸਿੰਘ ਨੇ ਕੀਤਾ ਅਤੇ ਇਨਾਮ ਵੰਡ ਦੀ ਰਸਮ ਇਲਾਕੇ ਦੇ ਐਮ.ਐਲ.ਏ ਸ਼੍ਰੀ ਦਿਨੇਸ਼ ਚੱਢਾ ਨੇ ਨਿਭਾਈ। ਸੈਣੀ ਭਵਨ ਦੇ ਪ੍ਰਧਾਨ ਅਤੇ ਹੋਰ ਪ੍ਰਬੰਧਕੀ ਮੈਂਬਰਾਂ ਨੇ ਵੀ ਇਸ ਕੈਂਪ ਵਿੱਚ ਹਾਜ਼ਰੀ ਲਗਵਾਈ।

**ਕਰਤਾਰਪੁਰ ਦੇ ਗੁਰਦੁਆਰਾ ਸਾਹਿਬ ਦੀ ਯਾਤਰਾ–** ਸੈਣੀ ਭਵਨ ਦੇ ਪ੍ਰਬੰਧਕਾਂ ਨੇ 27 ਫਰਬਰੀ, 2023 ਨੂੰ ਪਾਕਿਸਤਾਨ ਵਿਖੇ ਗੁਰੂ ਨਾਨਕ ਦੇਵ ਜੀ ਦੀ ਕਰਮਭੂਮੀ ਕਰਤਾਰਪੁਰ ਸਾਹਿਬ ਦੇ ਦਰਸ਼ਨ ਕੀਤੇ। ਬੱਸ ਵਿੱਚ ਗਏ ਇਸ ਜਥੇ ਵਿੱਚ 19 ਮੈਂਬਰ ਸ਼ਾਮਿਲ ਸਨ ਜਿਨ੍ਹਾਂ ਨੇ ਇਸ ਪਵਿੱਤਰ ਸਥਾਨ ਦੀ ਭੂਮੀ ਨੂੰ ਨਤਮਸਤਕ ਹੋ ਕੇ ਪ੍ਰਮਾਤਮਾ ਦਾ ਸ਼ੁਕਰਾਨਾ ਕੀਤਾ। ਉੱਥੇ ਦੇ ਪਾਕਿਸਤਾਨੀ ਪ੍ਰਬੰਧਕਾਂ ਨੇ ਦਰਸ਼ਕਾਂ ਪ੍ਰਤਿ ਬਹੁਤ ਨਿਮਰਤਾਭਰਪੂਰ ਵਤੀਰਾ ਅਪਣਾਇਆ ਜੋਕਿ ਪ੍ਰਸ਼ੰਸਾਯੋਗ ਸੀ। ਰਾਵੀ ਦਰਿਆ 'ਤੇ ਬਣੇ ਆਲੀਸ਼ਾਨ ਕਾਰੀਡੋਰ ਨੇ ਦਰਸ਼ਕਾਂ ਨੂੰ ਬਹੁਤ ਪ੍ਰਭਾਵਿਤ ਕੀਤਾ। ਇਸ ਸਥਾਨ ਦੇ ਰਸਤੇ

ਵਿੱਚ ਪੈਂਦੇ ਡੇਰਾ ਬਾਬਾ ਨਾਨਕ ਅਤੇ ਬਾਬਾ ਬਕਾਲਾ ਵਿਖੇ ਵੀ ਗੁਰਦੁਆਰਿਆਂ ਦੇ ਦਰਸ਼ਨ ਕਰ ਕੇ ਗੁਰੂਆਂ ਦੀਆਂ ਅਸੀਸਾਂ ਹਾਸਲ ਕੀਤੀਆਂ।

**ਮਾਸਿਕ ਇਕੱਤਰਤਾਵਾਂ-** ਹਮੇਸ਼ਾਂ ਦੀ ਤਰ੍ਹਾਂ ਇਸ ਸਾਲ ਵੀ ਜਨਵਰੀ, ਫਰਵਰੀ ਅਤੇ ਮਾਰਚ ਮਹੀਨਿਆਂ ਵਿੱਚ ਸੈਣੀ ਭਵਨ ਦੀ ਪ੍ਰਬੰਧਕ ਮੈਂਬਰਾਂ ਦੀਆਂ ਮਾਸਿਕ ਇਕੱਤਰਤਾਵਾਂ ਕੀਤੀਆਂ ਗਈਆਂ ਜਿਨ੍ਹਾਂ ਵਿੱਚ ਪਿਛਲੇ ਮਹੀਨੇ ਕੀਤੇ ਗਏ ਕਾਰਜਾਂ ਦੀ ਪੜਚੋਲ ਕੀਤੀ ਗਈ ਅਤੇ ਅਗਲੇ ਮਹੀਨੇ ਲਈ ਪ੍ਰੋਗ੍ਰਾਮ ਉਲੀਕੇ ਗਏ। ਫਰਵਰੀ ਦੀ ਮੀਟਿੰਗ ਸਮੇਂ ਸੈਣੀ ਭਵਨ ਦੀ ਇਮਾਰਤ ਦੀ ਮੁਰੰਮਤ ਅਤੇ ਇਸ ਨੂੰ ਪੇਂਟ ਕਰਨ ਦਾ ਫੈਸਲਾ ਕੀਤਾ ਗਿਆ ਅਤੇ ਮਾਰਚ ਮਹੀਨੇ ਦੀ ਮੀਟਿੰਗ ਸਮੇਂ ਅਪ੍ਰੈਲ ਮਹੀਨੇ ਵਿੱਚ ਕੀਤੇ ਜਾਣ ਵਾਲੇ ਸਾਲਾਨਾ ਸੈਣੀ ਸੰਮੇਲਨ ਦੀ ਰੂਪਰੇਖਾ ਤਿਆਰ ਕੀਤੀ ਗਈ। ਇਨ੍ਹਾਂ ਮੀਟਿੰਗਾਂ ਸਮੇਂ ਮੈਂਬਰਾਂ ਦੇ ਜਨਮ ਦਿਨ ਵੀ ਮਨਾਏ ਗਏ।

**ਸੈਣੀ ਭਵਨ ਇਮਾਰਤ ਦੀ ਮੁਰੰਮਤ-** ਪ੍ਰਬੰਧਕਾਂ ਨੇ ਇਹ ਮਹਿਸੂਸ ਕੀਤਾ ਕਿ ਸੈਣੀ ਭਵਨ ਦੀ ਇਮਾਰਤ ਦੀ ਛੋਟੀ-ਮੋਟੀ ਮੁਰੰਮਤ ਅਤੇ ਇਸ ਦੇ ਰੰਗ-ਰੋਗਨ ਦੀ ਅਤਿ ਜ਼ਰੂਰਤ ਹੈ। ਇਸ ਲਈ ਦੋ ਕੁ ਲੱਖ ਰੁਪਏ ਦੇ ਖਰਚੇ ਨਾਲ ਇਸ ਇਮਾਰਤ ਵਿੱਚ ਆਈਆਂ ਤਰੇੜਾਂ ਨੂੰ ਭਰ ਕੇ ਟੁੱਟੇ ਹੋਏ ਜੰਗਲੇ ਦੀ ਥਾਂ 'ਤੇ ਨਵਾਂ ਲੋਹੇ ਦਾ ਫਰੇਮ ਲਗਵਾ ਕੇ ਸਾਰੀ ਇਮਾਰਤ ਨੂੰ ਪੇਂਟ ਕਰਵਾ ਦਿੱਤੀ ਗਈ।

**ਹੋਰ ਸੈਣੀ ਸੰਸਥਾਵਾਂ ਨਾਲ ਸਹਿਯੋਗ-** ਪੰਜਾਬ ਦੀ ਸੈਣੀ ਮਹਾਂ ਸਭਾ ਵਲੋਂ 25 ਫਰਵਰੀ, 2023 ਨੂੰ ਜ਼ਿਲ੍ਹਾ ਨਵਾਂਸ਼ਹਿਰ ਦੇ ਪਿੰਡ ਗੋਬਿੰਦਪੁਰ ਵਿੱਚ ਸੈਣੀ ਬਰਾਦਰੀ ਦੇ ਮਹਾਨ ਸ਼ਹੀਦਾਂ- ਬੀਬੀ ਸ਼ਰਨ ਕੌਰ ਪਾਬਲਾ ਅਤੇ ਭਾਈ ਜਮਾਲਾ ਸਿੰਘ ਨਨੂਆਂ ਦੀ ਯਾਦ ਵਿੱਚ ਗੁਰਮਤਿ ਸਮਾਗਮ ਕਰਵਾਇਆ ਗਿਆ। ਇਸ ਸਮਾਗਮ ਵਿੱਚ ਹੋਰਨਾਂ ਤੋਂ ਇਲਾਵਾ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਸਾਬਕਾ ਸਕੱਤਰ ਸੁਖਦੇਵ ਸਿੰਘ ਭੌਰ ਅਤੇ ਸਾਬਕਾ ਵਿਧਾਇਕ ਅੰਗਦ ਸੈਣੀ ਨੇ ਆਪਣੀ ਹਾਜ਼ਰੀ ਲਗਵਾਈ। ਸੈਣੀ ਭਵਨ ਰੋਪੜ ਨੇ ਪ੍ਰਬੰਧਕਾਂ ਦੀ ਸਹਾਇਤਾ ਲਈ 5100 ਰੁਪਏ ਦਾ ਵਿਤੀ ਯੋਗਦਾਨ ਪਾਇਆ ਅਤੇ ਇਸ ਸੰਸਥਾ ਦੇ ਚਾਰ ਮੈਂਬਰਾਂ- ਪ੍ਰਧਾਨ ਡਾ.ਅਜਮੇਰ ਸਿੰਘ, ਸ. ਰਾਜਿੰਦਰ ਸਿੰਘ ਨਨੂਆਂ, ਸ. ਰਾਜਿੰਦਰ ਸਿੰਘ ਗਿਰਨ ਅਤੇ ਸ. ਜਗਦੇਵ ਸਿੰਘ ਨੇ ਸ਼ਮੂਲੀਅਤ ਕੀਤੀ।





ਸੁਰਜੀਤ ਕੌਰ, ਸੈਕਰਾਮੈਂਟੋ (ਯੂ.ਐਸ.ਏ.)

## ਕਵਿਤਾ

ਜਦੋਂ ਦੀ ਇਹ ਸ੍ਰਿਸ਼ਟੀ ਬਣੀ ਏ,
ਓਸੇ ਹੀ ਥਾਂ ਤੇ ਖੜ੍ਹੀ ਏਂ ਤੂੰ।
ਹਰ ਜੁੱਗ ਵਿੱਚ ਲੁੱਟੀ ਗਈ ਏਂ,
ਹਰ ਜੁੱਗ ਦੇ ਵਿਚ ਹੀ ਸੜੀ ਏਂ ਤੂੰ।

ਕਦੀ ਪਿਤਾ ਦੀਆਂ ਤੇ ਪਤੀ ਦੀਆਂ,
ਕਦੀ ਪੁਤਰਾਂ ਦੀ ਵੀ ਜਰਦੀ ਏਂ।
ਪਰ ਫਿਰ ਵੀ ਸਾਰੇ ਰਿਸ਼ਤਿਆਂ ਨੂੰ
ਬੇਬਾਕ ਮੁਹੱਬਤ ਕਰਦੀ ਏਂ।
ਧਾਗਾ ਹੈ ਜਿਸ ਵਿਚ ਪਿਆਰ ਦਾ,
ਉਹ ਮੋਤੀਆਂ ਦੀ ਇਕ ਲੜੀ ਹੈਂ ਤੂੰ।

ਤੂੰ ਜਿਨ੍ਹਾਂ ਲਈ ਜਿਊ ਰਹੀ ਏਂ,
ਉਨ੍ਹਾਂ ਨੂੰ ਤੇਰਾ ਫ਼ਿਕਰ ਨਹੀਂ।
ਅੰਦਰ ਪੀੜਾਂ ਈ ਪੀੜਾਂ ਨੇ,
ਪਰ ਕਰਦੀ ਕਦੀ ਵੀ ਜ਼ਿਕਰ ਨਹੀਂ।
ਤੂੰ ਮਮਤਾ ਦਾ ਭੰਡਾਰ ਹੈਂ,
ਭਾਵੇਂ ਅਨਪੜ੍ਹ ਹੈਂ ਜਾਂ ਪੜ੍ਹੀ ਹੈਂ ਤੂੰ।

ਦੁਨੀਆਂ ਹੈ ਚੰਨ ਤੇ ਜਾ ਬੈਠੀ,
ਤੂੰ ਬੈਠੀ ਘਰ ਦੇ ਅੰਦਰ ਹੈ।
ਘਰ ਤੇਰਾ ਤੇਰੀ ਦੁਨੀਆਂ ਹੈ,
ਅਤੇ ਘਰ ਹੀ ਤੇਰਾ ਮੰਦਰ ਹੈ।
ਇਕ ਪਲ ਵੀ ਨਾ ਆਰਾਮ ਕਰੇਂ,
ਹਰ ਪਲ ਚਲਦੀ ਉਹ ਘੜੀ ਹੈਂ ਤੂੰ।

ਤੈਨੂੰ ਪੈਰਾਂ ਥੱਲੇ ਮਸਲਨ ਲਈ,
ਨਾਪਾਕ ਦਰਿੰਦੇ ਤੱਕ ਰਹੇ ਨੇ।
ਤੈਨੂੰ ਬਾਜ ਕਿਸੇ ਨੇ ਖਾ ਜਾਣੈ,
ਮਾਸੂਮ ਪਰਿੰਦੇ ਤੱਕ ਰਹੇ ਨੇ।
ਤੂੰ ਸਿਰਫ਼ ਖਡੌਣੈ ਮਰਦਾਂ ਲਈ,
ਭਾਵੇਂ ਤਾਰਿਆਂ ਤੇ ਜਾ ਚੜ੍ਹੀ ਏਂ ਤੂੰ।

ਉਹੀ 'ਸੁਰਜੀਤ' ਹੈ,
ਕਲਮ ਜਿਦ੍ਹੀ ਦੁਨੀਆ ਵਿਚ ਧੁੰਮਾਂ ਪਾਉਂਦੀ ਸੀ।
ਸੱਚ ਦੀਆਂ ਆਵਾਜ਼ਾਂ ਦੇ ਦੇ ਕੇ,
ਸੁੱਤੇ ਪਏ ਲੋਕ ਜਗਾਉਂਦੀ ਸੀ।
ਨਹੀ ਰਹਿਣਾ ਯਾਦ ਕਿਸੇ ਨੂੰ ਵੀ,
ਓਸੇ ਸੁਰਜੀਤ ਦੀ ਮੜ੍ਹੀ ਹੈਂ ਤੂੰ।



# ਬਰਾਦਰੀ ਦੀਆਂ ਮਾਣਮੱਤੀਆਂ ਸਖਸ਼ੀਅਤਾਂ

ਅਮਰਜੀਤ ਸਿੰਘ
ਸੈਣੀ ਭਵਨ ਰੂਪਨਗਰ

**ਡਾ. ਬਲਬੀਰ ਸਿੰਘ ਸੈਣੀ** –ਸਿਹਤ ਅਤੇ ਪਰਿਵਾਰ ਭਲਾਈ ਮੰਤਰੀ ਪੰਜਾਬ

ਪੰਜਾਬ ਦੇ ਮੁੱਖ ਮੰਤਰੀ ਜੀ ਨੇ ਅਸੈਂਬਲੀ ਮੈਂਬਰ ਡਾ. ਬਲਬੀਰ ਸਿੰਘ ਨੂੰ ਆਪਣੀ ਸਰਕਾਰ ਵਿੱਚ ਸਿਹਤ ਮੰਤਰੀ ਵਜੋਂ ਨਿਵਾਜ ਕੇ ਪੂਰੀ ਸੈਣੀ ਬਰਾਦਰੀ ਦਾ ਮਾਣ ਵਧਾਇਆ ਹੈ। 2022 ਵਿੱਚ ਹੋਈਆਂ ਅਸੈਂਬਲੀ ਚੋਣਾਂ ਸਮੇਂ ਪਟਿਆਲਾ ਦਿਹਾਤੀ ਹਲਕੇ ਤੋਂ ਆਮ ਆਦਮੀ ਪਾਰਟੀ ਦੇ ਉਮੀਦਵਾਰ, ਡਾ. ਬਲਬੀਰ ਸਿੰਘ ਆਪਣੇ ਵਿਰੋਧੀ ਕਾਂਗਰਸ ਪਾਰਟੀ ਦੇ ਮੋਹਿਤ ਮਹਿੰਦਰਾ ਨੂੰ ਰਿਕਾਰਡ 53474 ਵੋਟਾਂ ਨਾਲ ਹਰਾ ਕੇ ਕਾਮਯਾਬ ਹੋਏ ਹਨ। ਉਹ, ਇਹ ਸਫਲਤਾ ਪ੍ਰਾਪਤ ਕਰਨ ਵਾਲੇ ਸੈਣੀ ਬਰਾਦਰੀ ਦੇ ਇੱਕੋ ਇੱਕ ਸਿਆਸਤਦਾਨ ਹਨ। ਡਾ. ਬਲਬੀਰ ਸਿੰਘ 2017 ਦੀਆਂ ਅਸੈਂਬਲੀ ਚੋਣਾਂ ਸਮੇਂ ਵੀ ਪਟਿਆਲਾ ਸ਼ਹਿਰੀ ਹਲਕੇ ਤੋਂ ਸ. ਅਮਰਿੰਦਰ ਸਿੰਘ ਦੇ ਵਿਰੁੱਧ ਖੜ੍ਹੇ ਹੋਏ ਜਦੋਂ ਆਪ ਨੇ 20000 ਵੋਟ ਲੈ ਕੇ ਦੂਜਾ ਸਥਾਨ ਹਾਸਲ ਕੀਤਾ ਸੀ। ਆਪ ਅੱਖਾਂ ਦੇ ਮਾਹਿਰ ਡਾਕਟਰ ਹਨ ਅਤੇ ਇਸ ਸਮੇਂ ਪਟਿਆਲਾ ਵਿਖੇ ਦੁਖਨਿਵਾਰਨ ਗੁਰਦੁਆਰਾ ਸਾਹਿਬ ਦੇ ਸਾਹਮਣੇ ਗੁਰੂ ਤੇਗ ਬਹਾਦੁਰ ਅੱਖਾਂ ਦਾ ਹਸਪਤਾਲ ਚਲਾ ਰਹੇ ਹਨ।

ਡਾ. ਬਲਬੀਰ ਸਿੰਘ ਦਾ ਜਨਮ 1957 ਵਿੱਚ ਜ਼ਿਲ੍ਹਾ ਨਵਾਂਸ਼ਹਿਰ ਦੇ ਪਿੰਡ ਭੌਰਾ ਵਿਖੇ ਸ. ਪਿਆਰਾ ਸਿੰਘ ਦੇ ਗਰੀਬ ਕਿਸਾਨੀ ਪਰਿਵਾਰ ਵਿੱਚ ਹੋਇਆ। ਆਪ ਨੇ ਦਸਵੀਂ ਤੱਕ ਦੀ ਸਿੱਖਿਆ ਪਿੰਡ ਦੇ ਸਕੂਲ ਤੋਂ 1972 ਵਿੱਚ ਹਾਸਲ ਕਰ ਕੇ ਪੰਜਾਬ ਯੂਨੀਵਰਸਿਟੀ ਚੰਡੀਗੜ੍ਹ ਤੋਂ 1979 ਵਿੱਚ ਐਮ.ਬੀ.ਬੀ.ਐਸ; 1983 ਵਿੱਚ ਐਮ.ਐਸ ਕਰ ਕੇ ਅੱਖਾਂ ਦੇ ਮਾਹਿਰ ਡਾਕਟਰ ਬਣ ਗਏ। ਘਰ ਦੀ ਗਰੀਬੀ ਕਾਰਨ ਡਾਕਟਰੀ ਸਿੱਖਿਆ ਦੀਆਂ ਭਾਰੀਆਂ ਫੀਸਾਂ ਅਦਾ ਕਰਨ ਲਈ ਕਈ ਵਾਰ ਬਲਬੀਰ ਸਿੰਘ ਨੂੰ ਆਪਣੇ ਪਿੰਡਵਾਸੀਆਂ ਤੋਂ ਮਾਇਕ ਸਹਾਇਤਾ ਲੈਣੀ ਪਈ। ਆਪ ਸਰਕਾਰੀ ਰਾਜਿੰਦਰਾ ਮੈਡੀਕਲ ਕਾਲਿਜ ਪਟਿਆਲਾ ਤੋਂ ਐਸੋਸੀਏਟ ਪ੍ਰੋਫੈਸਰ ਵਜੋਂ ਸੇਵਾਮੁਕਤ ਹੋਏ। ਇਸ ਦੌਰਾਨ ਆਪ ਨੇ ਗਰੀਬਾਂ ਤੇ ਲੋੜਵੰਦਾਂ ਦੀਆਂ ਅੱਖਾਂ ਦੇ ਮੁਫਤ ਅਤੇ ਸਸਤੇ ਇਲਾਜ ਕਰ ਕੇ ਨਾਮਣਾ ਖੱਟਿਆ। ਆਪ ਨੇ ਲੋਕ ਸੇਵਾ ਦੀ ਭਾਵਨਾ ਕਾਰਨ ਵਿਦੇਸ਼ਾਂ ਵਿੱਚ ਜਾਣ ਨੂੰ ਪਹਿਲ ਨਹੀਂ ਦਿੱਤੀ। ਪੰਜਾਬ ਯੂਨੀਵਰਸਿਟੀ ਵਿੱਚ ਪੜ੍ਹਦਿਆਂ ਹੀ ਉਹ ਲੋਕ ਲਹਿਰਾਂ ਵਿੱਚ ਕਾਰਜਸ਼ੀਲ ਹੋ ਗਏ ਜਿਸ ਅਧੀਨ 1974 ਵਿੱਚ ਜੇ.ਪੀ.ਅੰਦੋਲਨ ਵਿੱਚ ਸਰਗਰਮੀ ਨਾਲ ਭਾਗ ਲਿਆ। ਆਪ ਨੇ 2011 ਵਿੱਚ ਇੰਡੀਅਨ ਐਂਟੀਕੁਰਪਸ਼ਨ ਅੰਦੋਲਨ ਸਮੇਂ ਅਗਲੀਆਂ ਕਤਾਰਾਂ ਵਿੱਚ ਰਹਿ ਕੇ ਕੰਮ ਕੀਤਾ।

ਡਾ. ਬਲਬੀਰ ਸਿੰਘ 2014 ਵਿੱਚ 'ਆਮ ਆਦਮੀ ਪਾਰਟੀ' ਵਿੱਚ ਸ਼ਾਮਿਲ ਹੋ ਗਏ। ਆਪ ਨੇ ਇਸ ਸਾਲ ਪਟਿਆਲਾ ਲੋਕ ਸਭਾ ਹਲਕੇ ਤੋਂ ਡਾ. ਧਰਮਵੀਰ ਗਾਂਧੀ ਦੀ ਚੋਣ ਮੁਹਿੰਮ ਦੇ ਕੰਮਪੇਨ ਮੈਨੇਜਰ ਵਜੋਂ ਕੰਮ ਕਰ ਕੇ ਉਨ੍ਹਾਂ ਨੂੰ ਮਹਾਰਾਣੀ ਪਰਨੀਤ ਕੌਰ ਵਿਰੁੱਧ ਇਤਿਹਾਸਿਕ ਜਿੱਤ ਹਾਸਲ ਕਰਨ ਵਿੱਚ ਮੁੱਖ ਭੂਮਿਕਾ ਨਿਭਾਈ। ਉਹ 2018-19 ਵਿੱਚ ਆਮ ਆਦਮੀ ਪਾਰਟੀ ਦੇ ਕਨਵੀਨਰ ਤੇ ਕੋ-ਕਨਵੀਨਰ ਰਹੇ। ਆਪ ਨੇ 2020 ਵਿੱਚ ਪਾਰਟੀ ਦੇ ਸਹਿਪ੍ਰਧਾਨ ਦੇ ਅਹੁਦੇ ਤੋਂ ਅਸਤੀਫਾ ਦੇ ਕੇ ਆਪਣੇ ਆਪ ਨੂੰ ਲੋਕ ਸੇਵਾ ਦੇ ਅਰਪਣ ਕਰ ਦਿੱਤਾ। ਖੇਤੀ ਕਾਨੂੰਨਾਂ ਵਿਰੁੱਧ ਚੱਲੇ ਕਿਸਾਨ ਅੰਦੋਲਨ ਦੌਰਾਨ ਡਾ. ਬਲਬੀਰ ਸਿੰਘ ਨੇ ਦਿੱਲੀ ਦੇ ਬਾਰਡਰ 'ਤੇ 'ਫਰੀ ਮੈਡੀਸਿਨ ਤੇ ਮੈਡੀਕਲ ਸਰਵਿਸ ਲੰਗਰ' ਲਗਾ ਕੇ ਬਿਮਾਰਾਂ ਦੀ ਬੇਮਿਸਾਲ ਸੇਵਾ ਕੀਤੀ।



ਡਾ. ਬਲਬੀਰ ਸਿੰਘ ਨੇ ਇੱਕ ਸਾਧਾਰਨ ਕਿਸਾਨੀ ਪਰਿਵਾਰ ਤੋਂ ਉੱਠ ਕੇ ਲੋੜਵੰਦਾਂ ਦੀ ਜੋ ਸੇਵਾ ਕੀਤੀ ਹੈ ਇਸ ਕਾਰਨ ਸੈਣੀ ਬਰਾਦਰੀ ਨੂੰ ਬਹੁਤ ਮਾਣ ਹੈ। ਪ੍ਰਮਾਤਮਾ ਉਨ੍ਹਾਂ ਨੂੰ ਤੰਦਰੁਸਤੀ ਅਤੇ ਹੋਰ ਬੁਲੰਦੀਆਂ ਛੋਹਣ ਦੀ ਸਮਰਥਾ ਬਖਸ਼ੇ।

**ਸ. ਹਰਦੀਪ ਸਿੰਘ ਮੁੰਡੀਆਂ – ਐਮ.ਐਲ.ਏ.**

ਸੈਣੀ ਬਰਾਦਰੀ ਦੇ ਸ. ਹਰਦੀਪ ਸਿੰਘ ਮੁੰਡੀਆਂ ਨੇ ਪੰਜਾਬ ਵਿਧਾਨ ਸਭਾ ਦੀਆਂ ਫਰਬਰੀ 2022 ਵਿੱਚ ਹੋਈਆਂ ਚੋਣਾਂ ਸਮੇਂ ਹਲਕਾ ਸਾਹਨੇਵਾਲ (ਲੁਧਿਆਣਾ) ਤੋਂ ਆਪਣੇ ਨਿਕਟਤਮ ਵਿਰੋਧੀ ਕਾਂਗਰਸ ਪਾਰਟੀ ਦੇ ਉਮੀਦਵਾਰ ਬਿਕਰਮ ਸਿੰਘ ਬਾਜਵਾ ਨੂੰ 15193 ਵੋਟਾਂ ਨਾਲ ਹਰਾ ਕੇ ਜਿੱਤ ਹਾਸਲ ਕੀਤੀ ਹੈ। ਆਪ ਨੇ ਇਹ ਸਫਲਤਾ ਆਮ ਆਦਮੀ ਪਾਰਟੀ ਦੀ ਟਿਕਟ 'ਤੇ ਪ੍ਰਾਪਤ ਕੀਤੀ। ਇਸ ਤੋਂ ਪਹਿਲਾਂ 2012 ਅਤੇ 2017 ਵਿੱਚ ਅਕਾਲੀ ਦਲ ਦੇ ਸ਼ਰਨਜੀਤ ਸਿੰਘ ਢਿੱਲੋਂ ਦਾ ਇਸ ਸੀਟ 'ਤੇ ਕਬਜ਼ਾ ਰਿਹਾ ਹੈ। ਸ. ਹਰਦੀਪ ਸਿੰਘ ਦਾ ਪਿਛੋਕੜ ਹੁਸ਼ਿਆਰਪੁਰ ਜ਼ਿਲ੍ਹੇ ਦੀ ਤਹਿਸੀਲ ਮੁਕੇਰੀਆਂ ਦੇ ਪਿੰਡ ਲਾਦਪੁਰ ਦਾ ਹੈ। ਆਪ ਦਾ ਜਨਮ 10 ਜੂਨ, 1976 ਨੂੰ ਸ. ਦਰਸ਼ਨ ਸਿੰਘ ਦੇ ਆਮ ਕਿਸਾਨੀ ਪਰਿਵਾਰ ਵਿੱਚ ਹੋਇਆ। ਆਪ ਨੇ ਬਾਰ੍ਹਵੀਂ ਜਮਾਤ ਪਾਸ ਕਰ ਕੇ



ਲੁਧਿਆਣਾ ਵਿਖੇ ਆਪਣਾ ਕਾਰੋਬਾਰ ਆਰੰਭ ਕਰ ਲਿਆ। ਆਪ ਇਸ ਸਮੇਂ ਲੁਧਿਆਣਾ-ਚੰਡੀਗੜ੍ਹ ਮੁੱਖ ਸੜਕ 'ਤੇ ਹੋਟਲ , ਟਾਇਲ ਮੈਨੂਫੈਕਚੁਰੇਰਿੰਗ ਅਤੇ ਰੀਅਲ ਅਸਟੇਟ ਦਾ ਕਾਰੋਬਾਰ ਕਰ ਰਹੇ ਹਨ।

ਆਪ ਕਾਰੋਬਾਰ ਦੇ ਨਾਲ ਨਾਲ ਲੋਕ ਭਲਾਈ ਦੇ ਕੰਮਾਂ ਵਿੱਚ ਬਹੁਤ ਦਿਲਚਸਪੀ ਲੈਂਦੇ ਹਨ। ਇਸ ਅਧੀਨ ਆਪ ਰਾਧਾ ਸੁਆਮੀ ਸਤਸੰਗ ਲੁਧਿਆਣਾ ਦੇ ਮੈਂਬਰ ਅਤੇ ਸਕੱਤਰ ਹਨ। ਆਪ ਕਈ ਸਾਲਾਂ ਤੋਂ ਗਰੀਬ ਤੇ ਲੋੜਵੰਦਾਂ ਲਈ ਮੁੰਡੀਆਂ ਅਤੇ ਕੋਹਾੜਾ ਵਿੱਚ ਮੁਫਤ ਅੱਖਾਂ ਦੇ ਚੈਕਅਪ ਕੈਂਪ ਲਗਾਉਂਦੇ ਆ ਰਹੇ ਹਨ ਜਿਨ੍ਹਾਂ ਵਿੱਚ ਮਰੀਜ਼ਾਂ ਨੂੰ ਦਵਾਈਆਂ ਅਤੇ ਐਨਕਾਂ ਵੀ ਦਿੱਤੀਆਂ ਜਾਂਦੀਆਂ ਹਨ। ਸਾਲ 2020 ਤੇ 2021 ਵਿੱਚ ਲਾਕਅਪ ਦੌਰਾਨ ਆਪ ਨੇ ਆਪਣੇ ਹੋਟਲ ਅਤੇ ਦਫਤਰ ਵਿੱਚ ਲੰਗਰ ਲਗਾ ਕੇ ਲੋਕਾਂ ਦੀ ਸੇਵਾ ਕੀਤੀ। ਇਸ ਕਾਰਨ ਆਪ ਇਲਾਕੇ ਵਿੱਚ ਹਰਮਨਪਿਆਰੇ ਹਨ। ਲੋਕ ਭਲਾਈ ਦੇ ਮਿਸ਼ਨ ਦੀ ਪੂਰਤੀ ਹਿਤ ਆਪ ਨੇ ਰਾਜਨੀਤੀ ਵਿੱਚ ਪੈਰ ਧਰਿਆ ਅਤੇ 2002-2017 ਤੱਕ ਕਾਂਗਰਸ ਪਾਰਟੀ ਦੀ ਸਥਾਨਿਕ ਸ਼ਾਖਾ ਦੇ ਸਰਗਰਮ ਮੈਂਬਰ ਅਤੇ ਫਿਰ ਹਲਕਾ ਇੰਚਾਰਜ ਰਹੇ। ਸੰਨ 2018 ਵਿੱਚ ਆਪ ਨੇ ਲੁਧਿਆਣਾ ਜ਼ਿਲ੍ਹੇ ਦੀ ਕਾਗਰਸ ਕਮੇਟੀ ਦੇ ਸੀਨੀਅਰ ਵਾਇਸ ਪਰੈਜ਼ੀਡੈਂਟ(ਦਿਹਾਤੀ) ਬਣਨ ਵਿੱਚ ਸਫਲਤਾ ਹਾਸਲ ਕੀਤੀ। ਆਪ 2018 ਵਿੱਚ ਲੁਧਿਆਣਾ ਮਿਊਂਸਿਪਲ ਕਾਰਪੋਰੇਸ਼ਨ ਦੇ ਕੌਂਸਲਰ ਚੁਣੇ ਗਏ ਜਿਸ ਦੌਰਾਨ ਆਪ ਨੇ ਆਪਣੇ ਇਲਾਕੇ ਵਿੱਚ ਵਿਕਾਸ ਕਾਰਜ ਕਰ ਕੇ ਅਤੇ ਦਫਤਰਾਂ ਵਿੱਚ ਜਾ ਕੇ ਲੋਕਾਂ ਦੇ ਨਿਜੀ ਕੰਮ ਕਰਵਾ ਕੇ ਉਨ੍ਹਾਂ ਤੋਂ ਵਾਹਵਾਹ ਖੱਟੀ। ਇਸ ਸਦਕਾ ਉਹ ਸਾਹਨੇਵਾਲ ਵਿਧਾਨ ਸਭਾ ਹਲਕੇ ਦੇ ਪ੍ਰਤਿਨਿਧ ਬਣਨ ਦੇ ਯੋਗ ਹੋ ਗਏ। ਪਰ ਕਾਂਗਰਸ ਪਾਰਟੀ ਨੇ ਆਪ ਦੀ ਸਮਰਥਾ ਨੂੰ ਅਣਗੌਲਿਆਂ ਕਰ ਦਿੱਤਾ ਜਿਸ ਕਾਰਨ ਚੋਣਾਂ ਤੋਂ ਕੁੱਝ ਸਮਾਂ ਪਹਿਲਾਂ ਆਪ ਕਾਂਗਰਸ ਤੋਂ ਅਸਤੀਫਾ ਦੇ ਕੇ ਆਮ ਆਦਮੀ ਪਾਰਟੀ ਵਿੱਚ ਸ਼ਾਮਿਲ ਹੋ ਗਏ। ਇਹ ਵਰਣਨਯੋਗ ਹੈ ਕਿ ਸਾਹਨੇਵਾਲ ਇਲਾਕੇ ਵਿੱਚ ਸੈਣੀ ਬਰਾਦਰੀ ਦੇ ਲੋਕਾਂ ਦੀ ਆਬਾਦੀ ਨਾਮਾਤਰ ਹੀ ਹੈ। ਇਸ ਦੇ ਬਾਵਜੂਦ ਆਪਣੀ ਲਿਆਕਤ ਨਾਲ ਇਹ ਸਫਲਤਾ ਹਾਸਲ ਕਰਨੀ ਬਹੁਤ ਮਾਣ ਅਹਿਮ ਗੱਲ ਹੈ। ਇਸ ਨਾਲ ਸੈਣੀ ਬਰਾਦਰੀ ਦਾ ਸਿਰ ਮਾਣ ਨਾਲ ਉਚਾ ਹੋਇਆ ਹੈ।

## ਅਜੈਪਾਲ ਸਿੰਘ ਬੰਗਾ

ਸੈਣੀ ਬਰਾਦਰੀ ਨੂੰ ਮਾਣ ਹੈ ਕਿ ਇਸ ਦੇ ਬੁੱਧੀਜੀਵੀ, ਕਾਰੋਬਾਰੀ ਅਤੇ ਰਾਜਨੀਤੀਵਾਨ ਵਿਸ਼ਵ ਪੱਧਰ ਦੀਆਂ ਪਦਵੀਆਂ 'ਤੇ ਬਿਰਾਜਮਾਨ ਹੋ ਰਹੇ ਹਨ। ਅਜਿਹਾ ਹੀ ਹੈ ਭਾਰਤੀ-ਅਮਰੀਕੀ ਪਦਮ ਸ਼੍ਰੀ ਅਜੈਪਾਲ ਸਿੰਘ ਬੰਗਾ ਜਿਸ ਨੂੰ ਅਮਰੀਕਾ ਦੇ ਰਾਸ਼ਟਰਪਤੀ ਨੇ ਵਿਸ਼ਵ ਬੈਂਕ ਦੇ ਮੁਖੀ ਲਈ ਨਾਮਜ਼ਦ ਕੀਤਾ ਹੈ। ਰਾਸ਼ਟਰਪਤੀ ਨੇ ਉਸ ਨੂੰ ਅਜਿਹਾ



ਕਾਰੋਬਾਰੀ ਐਲਾਨਿਆਂ ਹੈ ਜੋ ਸੰਕਟ ਦੇ ਇਸ ਸਮੇਂ ਵਿਸ਼ਵ ਬੈਂਕ ਦੀ ਅਗਵਾਈ ਕਰਨ ਦੇ ਯੋਗ ਹੈ ਅਤੇ ਉਹ ਤਬਦੀਲੀਆਂ ਦੇ ਦੌਰ ਵਿੱਚ ਇਸ ਨੂੰ ਨਵੀਂ ਦਿਸ਼ਾ ਪ੍ਰਦਾਨ ਕਰਨ ਦੇ ਸਮਰੱਥ ਹੈ। ਇਸ ਸਮੇਂ ਉਹ ਅਮਰੀਕਾ ਵਿੱਚ ਜਨਰਲ ਐਟਲਾਂਟਿਕ ਕੰਪਨੀ ਦਾ ਉੱਪਚੇਅਰਮੈਨ ਹੈ। ਉਹ ਪਹਿਲਾਂ ਮਾਸਟਰਕਾਰਡ ਦੇ ਚੀਫ ਐਗਜ਼ੀਕਿਊਟਿਵ ਆਫੀਸਰ ਅਤੇ ਇਸ ਅੰਤਰਰਾਸ਼ਟਰੀ ਸੰਸਥਾ ਦੇ ਪ੍ਰਧਾਨ ਵਜੋਂ ਕਾਰਜ ਕਰ ਚੁੱਕੇ ਹਨ।

ਅਜੈਪਾਲ ਸਿੰਘ ਬੰਗਾ 10 ਨਵੰਬਰ, 1959 ਨੂੰ ਮਹਾਰਾਸ਼ਟਰ ਦੇ ਪੂਨਾ ਸ਼ਹਿਰ ਵਿੱਖੇ ਭਾਰਤੀ ਸੈਨਾ ਦੀ ਛਾਉਣੀ ਖੜਕੀ ਵਿੱਚ ਸੈਣੀ ਸਿੱਖ ਪਰਿਵਾਰ ਵਿੱਚ ਪੈਦਾ ਹੋਏ ਜਿੱਥੇ ਆਪ ਦੇ ਪਿਤਾ ਸ. ਹਰਭਜਨ ਸਿੰਘ ਬੰਗਾ ਥਲਸੈਨਾ ਵਿੱਚ ਲੈਫਟੀਨੈਂਟ ਜਨਰਲ ਦੇ ਅਹੁਦੇ 'ਤੇ ਬਿਰਾਜਮਾਨ ਸਨ। ਇਸ ਪਰਿਵਾਰ ਦਾ ਪਿਛੋਕੜ ਪੰਜਾਬ ਦੇ ਜ਼ਿਲ੍ਹਾ ਸ਼ਹੀਦੇਆਜ਼ਮ ਦੇ ਪਿੰਡ ਸੂਰਾਪੁਰ ਦਾ ਹੈ। ਅਜੈਪਾਲ ਸਿੰਘ ਬੰਗਾ ਨੇ ਸੇਂਟ ਐਡਵਰਡ ਸਕੂਲ ਸ਼ਿਮਲਾ ਅਤੇ ਹੈਦਰਾਬਾਦ ਪਬਲਿਕ ਸਕੂਲ ਤੋਂ ਸਕੂਲੀ ਸਿੱਖਿਆ ਹਾਸਲ ਕੀਤੀ। ਉਸ ਨੇ ਇਕਨਾਮਿਕਸ ਵਿੱਚ ਬੈਚਲਰ ਆਫ਼ ਆਰਟਸ (ਆਨਰਜ਼ੀ) ਦੀ ਡਿਗਰੀ ਸੇਂਟ ਸਟੀਫ਼ਨ ਕਾਲਜ ਦਿੱਲੀ ਅਤੇ ਐਮ.ਬੀ.ਏ ਦੇ ਬਰਾਬਰ ਦੀ ਪੋਸਟ ਗ੍ਰੈਜੂਏਟ ਡਿਗਰੀ, ਪੀ.ਜੀ.ਪੀ. ਇੰਨ ਮੈਨੇਜਮੈਂਟ ਇੰਡੀਅਨ ਇੰਸਟੀਚਿਊਟ ਆਫ਼ ਮੈਨੇਜਮੈਂਟ ਅਹਿਮਦਾਬਾਦ ਤੋਂ ਹਾਸਲ ਕੀਤੀ।

ਅਜੈਪਾਲ ਬੰਗਾ ਨੇ ਆਪਣਾ ਨੌਕਰੀ ਦਾ ਸਫਰ 1981 ਵਿੱਚ ਬਹੁਦੇਸ਼ੀ ਕੰਪਨੀ ਨੈਸਲੇ ਵਿੱਚ ਮੈਨੇਜਮੈਂਟ ਟਰੇਨੀ ਵਜੋਂ ਆਰੰਭ ਕੀਤਾ ਅਤੇ ਅਗਲੇ 13 ਸਾਲ ਭਿੰਨ ਭਿੰਨ ਕੰਪਨੀਆਂ ਦੇ ਸੇਲਜ਼, ਮਾਰਕੀਟਿੰਗ ਅਤੇ ਪ੍ਰਬੰਧਕਾਂ ਕਾਰਜਾਂ ਵਿੱਚ ਰੁੱਝੇ ਰਹਿ ਕੇ ਗੁਜ਼ਾਰੇ। ਇਸ ਤੋਂ ਬਾਅਦ ਉਹ ਪੈਪਸੀਕੋ ਕੰਪਨੀ ਵਿੱਚ ਉੱਚ ਅਹੁਦੇ 'ਤੇ ਤਾਇਨਾਤ ਹੋ ਗਿਆ ਜਿਸ ਦੌਰਾਨ ਉਸ ਨੇ ਕੰਪਨੀ ਨੂੰ ਪੀਜ਼ਾਹੱਟ ਅਤੇ ਕੇਐਫਸੀ ਜਿਹੀਆਂ ਅੰਤਰਰਾਸ਼ਟਰੀ ਕੰਪਨੀਆਂ ਨਾਲ ਸਬੰਧ ਕਾਇਮ ਕਰਨ ਵਿੱਚ ਮਹੱਤਵਪੂਰਨ ਯੋਗਦਾਨ ਪਾਇਆ। 1996 ਵਿੱਚ ਉਸ ਨੇ ਸਿਟੀਗਰੁੱਪ ਜਾਇਨ ਕਰ ਲਿਆ ਅਤੇ ਇਸ ਦੇ ਡੈਬਟ ਕੁਲੈਕਟਰ ਵਜੋਂ ਕੰਮ ਕੀਤਾ। ਉਸ ਨੇ 2000-2 ਤੱਕ ਸਿਟੀਫਾਈਨੈਂਸ਼ਲ ਅਤੇ ਯੂਐਸ ਕੰਜ਼ਿਊਮਰ ਅਸੈਟਸ ਡਿਵੀਜ਼ਨ ਦੇ ਮੁਖੀ ਦਾ ਅਹੁਦਾ ਸੰਭਾਲਿਆ। ਉਹ 2005 ਤੋਂ 2008 ਤੱਕ ਸਿਟੀਜ਼ ਇੰਟਰਨੈਸ਼ਨਲ ਗਲੋਬਲ ਕੰਜ਼ਿਊਮਰ ਗਰੁੱਪ ਦਾ ਚੀਫ ਐਗਜ਼ੀਕਿਊਟਿਵ ਰਿਹਾ ਜਿਸ ਸਮੇਂ ਉਸ ਨੇ ਸਿਟੀ ਦੇ ਕਾਰਜ ਖੇਤਰ ਨੂੰ ਵਿਸ਼ਵਭਰ ਵਿੱਚ ਪਸਾਰਨ ਵਿੱਚ

ਵਿਸ਼ੇਸ਼ ਯੋਗਦਾਨ ਪਾਇਆ।

ਉਹ 2009 ਵਿੱਚ ਅਮਰੀਕਾ ਚਲੇ ਗਿਆ ਜਿਥੇ 2010 ਵਿੱਚ ਮਾਸਟਰਕਾਰਡ ਕੰਪਨੀ ਨੇ ਚੀਫ ਉਪਰੇਟਿੰਗ ਅਫ਼ਸਰ ਅਤੇ ਫਿਰ ਚੀਫ਼ ਐਗਜ਼ੀਕਿਉਟਿਵ ਆਫ਼ੀਸਰ, ਪ੍ਰਧਾਨ ਅਤੇ ਬੋਰਡ ਆਫ਼ ਡਾਇਰੈਕਟਜ਼ ਦਾ ਮੈਂਬਰ ਨਿਯੁਕਤ ਕਰ ਲਿਆ। ਇਸ ਦੌਰਾਨ ਬੰਗਾ ਨੇ ਆਪਣੀ ਯੋਗਤਾ ਅਤੇ ਮਿਹਨਤ ਨਾਲ ਇਸ ਕੰਪਨੀ ਨੂੰ ਵਿਸ਼ਵ ਵਿੱਚ ਸਿਖਰਾਂ 'ਤੇ ਪਹੁੰਚਾ ਦਿੱਤਾ। ਉਸ ਨੇ ਆਪਣੀ ਲਿਆਕਤ ਨਾਲ ਇਸ ਕੰਪਨੀ ਦੀ ਆਮਦਨ ਛੇ ਗੁਣਾ ਵਧਾ ਕੇ ਮਾਰਕੀਟ ਵਿੱਚ ਹਿੱਸੇਦਾਰੀ 30 ਮਿਲੀਅਨ ਤੋਂ 300 ਮਿਲੀਅਨ ਕੀਤੀ ਸੀ। ਭਾਰਤ ਸਰਕਾਰ ਨੇ ਇਸ ਅਗਾਂਹਵਧੂ ਅਰਥ ਸ਼ਾਸਤਰੀ ਨੂੰ 2016 ਵਿੱਚ ਪਦਮ ਸ਼੍ਰੀ ਐਵਾਰਡ ਨਾਲ ਸਨਮਾਨਿਤ ਕੀਤਾ। ਸੰਨ 2017 ਵਿੱਚ ਉਸ ਨੂੰ ਵਿਸ਼ਵ ਵਿੱਚ ਸਾਲ ਦਾ '6ਵਾਂ ਪ੍ਰਭਾਵਸ਼ਾਲੀ ਉੱਦਮੀ' ਅਤੇ 2019 ਉੱਤਮ ਕਾਰਗੁਜ਼ਾਰੀ ਲਈ 'ਗਲੋਬਲ ਇੰਡੀਅਨ ਆਫ਼ ਦੀ ਯੀਅਰ' ਐਲਾਨਿਆ ਗਿਆ। ਸੰਨ 2020 ਵਿੱਚ ਉਸ ਨੇ ਮਾਸਰਟ ਕਾਰਡ ਦੇ ਸੀ,ਈ.ਓ. ਵਜੋਂ ਵਾਤਾਵਰਨ ਨੂੰ ਸੁਰੱਖਿਅਤ ਰੱਖਣ ਲਈ 100 ਮਿਲੀਅਨ ਦਰਖਤ ਕਗਵਾਏ ਸਨ। ਜਦੋਂ 2021 ਵਿੱਚ ਉਸ ਨੇ ਮਾਸਟਰ ਕਾਰਡ ਕੰਪਨੀ ਛੱਡੀ ਤਾਂ ਉਸ ਦੀ ਤਨਖਾਹ 5.2 ਮਿਲੀਅਨ ਰੁਪਏ ਪ੍ਰਤਿ ਦਿਨ ਸੀ। ਸੰਨ 2020 ਵਿੱਚ ਬਾਂਗਾ, ਇੰਟਰਨੈਸ਼ਨਲ ਚੈਂਬਰ ਆਫ਼ ਕਾਮਰਸ ਦਾ ਚੇਅਰਮੈਨ ਚੁਣਿਆ ਗਿਆ ਜਿਸ ਦਾ ਉਹ 2018 ਤੋਂ ਵਾਈਸ-ਚੇਅਰਮੈਨ ਸੀ। 1ਜਨਵਰੀ, 2022 ਨੂੰ ਆਪ ਨੇ ਜਨਰਲ ਐਟਲਾਂਟਿਕ ਦੇ ਉੱਪਚੇਅਰਮੈਨ ਦੀ ਪਦਵੀ ਸੰਭਾਲ ਲਈ।

ਅਜੈਪਾਲ ਸਿੰਘ ਬੰਗਾ ਕਾਰੋਬਾਰੀ ਕੰਮਾਂ ਤੋਂ ਇਲਾਵਾ ਜਨਤਕ ਕਾਰਜਾਂ ਵਿੱਚ ਵੀ ਪੂਰਾ ਯੋਗਦਾਨ ਪਾਉਂਦੇ ਹਨ। ਉਸ ਦੀ ਯੋਗਤਾ ਦੇ ਮੱਦੇਨਜ਼ਰ ਉਸ ਨੂੰ 'ਨਿਊਯਾਰਕ ਹਾਲ ਆਫ਼ ਸਾਇੰਸਸ ਬੋਰਡ' ਦਾ ਵਾਈਸ ਚੇਅਰਮੈਨ ਨਿਯੁਕਤ ਕੀਤਾ ਗਿਆ। ਫਰਬਰੀ, 2015 ਵਿਚ ਉਦੋਂ ਦੇ ਅਮਰੀਕੀ ਰਾਸ਼ਟਰਪਤੀ ਬਰਾਕ ਉਬਾਮਾ ਨੇ ਆਪ ਨੂੰ ਰਾਸ਼ਟਰਪਤੀ ਦੀ ਟਰੇਡ ਪਾਲਿਸੀ ਅਤੇ ਨੈਗੋਸਿਏਸ਼ਨ ਸਲਾਹਕਾਰ ਕਮੇਟੀ ਦਾ ਮੈਂਬਰ ਨਾਮਜ਼ਦ ਕਰ ਦਿੱਤਾ। ਸੰਨ 2020 ਤੋਂ ਬੰਗਾ ਉਪ ਰਾਸ਼ਟਰਪਤੀ ਕਾਮਲਾ ਹੈਰਿਸ ਦੇ ਸਲਾਹਕਾਰ ਵਜੋਂ ਕੰਮ ਕਰ ਰਹੇ ਹਨ। ਉਹ ਅਮੈਰੀਕਨ ਰੈਡ ਕਰਾਸ ਦੇ ਬੋਰਡ ਦਾ ਮੈਂਬਰ ਅਤੇ ਹੋਰ ਕਈ ਸਮਾਜਸੇਵੀ ਸੰਸਥਾਵਾਂ ਦਾ ਵਾਈਸਚੇਅਰਮੈਨ ਹੈ। ਬੰਗਾ ਨੇ ਕਈ ਅੰਤਰਰਾਸ਼ਟਰੀ ਯੂਨੀਵਰਸਿਟੀਆਂ ਵਿੱਚ ਮੁੱਖ ਮਹਿਮਾਨ ਵਜੋਂ ਕੁੰਜੀਵਤ ਭਾਸ਼ਣ ਦਿੱਤੇ ਹਨ ਜਿੱਥੇ ਉਹ ਸਨਮਾਨਿਤ ਕੀਤੇ ਗਏ ਹਨ। ਉਹ ਕਈ ਵਿਤੀ ਸੰਸਥਾਵਾਂ ਦਾ ਨਿਯਮਤ ਮਾਹਿਰ ਵਕਤਾ ਅਤੇ ਸਲਾਹਕਾਰ ਹੈ।

ਉਹ ਅਮਰੀਕਾ ਵਿੱਚ ਨਿਊਯਾਰਕ ਸ਼ਹਿਰ ਦੇ ਵਸਨੀਕ ਹਨ। ਉਸ ਦਾ ਵਿਆਹ ਰਿਤੂ ਬੰਗਾ ਨਾਲ ਹੋਇਆ ਜਦੋਂ ਉਹ ਆਈ.ਆਈ. ਐਮ ਅਹਿਮਦਾਬਾਦ ਵਿੱਚ ਪੜ੍ਹਦੇ ਸਨ। ਜਿਸ ਤੋਂ ਉਸ ਦੀਆਂ ਦੋ ਬੇਟੀਆਂ-ਜੋਜੋ ਬੰਗਾ ਅਤੇ ਅਦਿਤੀ ਬੰਗਾ ਹਨ। ਰਿਤੂ ਬੰਗਾ ਇੱਕ ਕੰਸਲਟੈਂਟ ਕੰਪਨੀ ਜੂਮਦੋਜੋ ਦੀ ਸਹਿ ਸੰਸਥਾਪਕ ਹੈ, ਅਦਿਤੀ ਬੰਗਾ ਹਾਰਵਾਰਡ ਯੂਨੀਵਰਸਿਟੀ ਦੀ ਗ੍ਰੈਜੂਏਟ ਹੈ ਅਤੇ ਇੰਸਟਾਗ੍ਰਾਮ ਕੰਪਨੀ ਦੇ ਅਧਿਕਾਰੀ ਹਨ, ਜੋਜੋ ਬੰਗਾ ਵੀ ਹਾਰਵਾਰਡ ਯੂਨੀਵਰਸਿਟੀ ਦੀ ਗ੍ਰੈਜੂਏਟ ਹੈ। ਉਸ ਦਾ ਭਰਾ ਐਮ.ਐਸ. ਬੰਗਾ ਵੀ ਬਹੁਤ ਕਾਮਯਾਬ ਕਾਰੋਬਾਰੀ ਹੈ।

ਅਜੈਪਾਲ ਸਿੰਘ ਬੰਗਾ ਦੀ ਵਿਸ਼ਵ ਬੈਂਕ ਦੇ ਮੁਖੀ ਵਜੋਂ ਨਾਮਜ਼ਦਗੀ ਵਿਸ਼ਵਭਰ ਵਿੱਚ ਵਸਦੇ ਲੋਕਾਂ ਲਈ ਜਲਵਾਯੂ ਅਤੇ ਵਾਤਾਵਰਨ 'ਚ ਸੁਧਾਰਾਂ ਲਈ ਨਵੇਂ ਟੀਚਿਆਂ ਦੇ ਉਦੇਸ਼ ਦੀ ਪੂਰਤੀ ਹੈ ਪਰ ਪੰਜਾਬੀਆਂ, ਸਿੱਖ ਕੌਮ ਅਤੇ ਸੈਣੀ ਬਰਾਦਰੀ ਲਈ ਬਹੁਤ ਮਾਣ ਦੀ ਗੱਲ ਹੈ।

## ਤੇਜਪਾਲ ਸਿੰਘ ਚੀਫ਼ ਇੰਜਨੀਅਰ (ਰਿਟਾ.)



ਸ. ਤੇਜਪਾਲ ਸਿੰਘ, ਸੈਣੀ ਬਰਾਦਰੀ ਦੀਆਂ ਸਿਰਕੱਢ ਸਖ਼ਸੀਅਤਾਂ ਵਿੱਚ ਪ੍ਰਮੁੱਖ ਸਥਾਨ ਰਖਦੇ ਹਨ। ਆਪ ਪੰਜਾਬ ਦੇ ਪੇਂਡੂ ਵਿਕਾਸ ਅਤੇ ਪੰਚਾਇਤ ਵਿਭਾਗ ਵਿੱਚੋਂ ਚੀਫ਼ ਇੰਜਨੀਅਰ ਦੇ ਅਹੁਦੇ ਤੋਂ ਸੇਵਾਮੁਕਤ ਹੋਏ ਹਨ। ਆਪ ਰੋਪੜ ਜ਼ਿਲ੍ਹੇ ਦੇ ਪਿੰਡ ਭੱਕੂਮਾਜਰਾ ਦੇ ਸ. ਮਲਕੀਤ ਸਿੰਘ ਅਤੇ ਮਾਤਾ ਦੀਦਾਰ ਕੌਰ ਦੇ ਸਪੁੱਤਰ ਹਨ। ਆਪ ਨੇ ਅੱਠਵੀਂ ਸ਼੍ਰੇਣੀ ਤੱਕ ਦੀ ਸਿੱਖਿਆ ਆਪਣੇ ਪਿੰਡ ਦੇ ਸਰਕਾਰੀ ਸਕੂਲ ਤੋਂ ਪਹਿਲੇ ਦਰਜੇ ਵਿੱਚ ਹਾਸਲ ਕੀਤੀ। ਇਸ ਉਪਰੰਤ ਉਹ ਆਪਣੇ ਪਿੰਡ ਤੋਂ 10 ਕਿਲੋਮੀਟਰ ਦੂਰ ਰੋਪੜ ਸ਼ਹਿਰ ਦੇ ਗਾਂਧੀ ਸਕੂਲ ਵਿੱਚ ਦਾਖਲ ਹੋ ਗਏ ਜਿੱਥੇ ਉਹ ਰੋਜ਼ਾਨਾ ਦੋ ਨਦੀਆਂ ਵਾਲੇ ਬਿਖੜੇ ਰਸਤੇ ਰਾਹੀਂ ਸਾਈਕਲ 'ਤੇ ਪੜ੍ਹਨ ਆਉਂਦੇ ਰਹੇ। ਇਨ੍ਹਾਂ ਕਠਿਨਾਈਆਂ ਦੇ ਬਾਵਜੂਦ ਕਠਿਨ ਮਿਹਨਤ ਕਰ ਕੇ ਆਪ ਨੇ ਮੈਟ੍ਰਿਕ ਪ੍ਰੀਖਿਆ ਵਿੱਚ ਮੈਰਿਟ ਪੋਜ਼ੀਸ਼ਨ ਹਾਸਲ ਕੀਤੀ। ਆਪ ਨੇ ਸਰਕਾਰੀ ਕਾਲਜ ਰੋਪੜ ਤੋਂ ਪ੍ਰੀਇੰਜਨੀਅਰਿੰਗ ਦੀ ਪ੍ਰੀਖਿਆ ਬਹੁਤ ਉੱਚੇ ਅੰਕਾਂ ਨਾਲ ਪਾਸ ਕੀਤੀ ਜਿਸ ਸਦਕਾ ਆਪ ਨੂੰ ਲੁਧਿਆਣਾ ਦੇ ਗੁਰੂ ਨਾਨਕ ਇੰਜਨੀਅਰਿੰਗ ਕਾਲਜ ਵਿੱਚ ਸਿਵਲ ਇੰਜਨੀਅਰਿੰਗ ਦੀ ਬੀ.ਟੈਕ ਕਲਾਸ ਵਿੱਚ ਦਾਖਲਾ ਮਿਲ ਗਿਆ। ਆਪ ਨੇ ਇਹ ਡਿਗਰੀ ਬਹੁਤ ਵਧੀਆ ਨੰਬਰਾਂ ਨਾਲ ਪਾਸ ਕੀਤੀ ਅਤੇ ਆਪਣੇ ਆਪ ਨੂੰ ਸਮਰੱਥ ਬਣਾਉਣ ਲਈ ਐਮ.ਬੀ.ਏ (ਫਾਈਨੈਂਸ) ਵੀ ਕਰ ਲਈ। ਆਪ ਨੇ ਨੌਕਰੀ ਦਾ ਆਰੰਭ ਥਰਮਲ ਪਲਾਂਟ ਰੋਪੜ ਵਿੱਚ ਸਿਵਲ ਕੁਆਲਟੀ ਕੰਟਰੋਲਰ ਵਜੋਂ ਕੀਤਾ। ਆਪ ਨੇ

ਬਾਕੀ ਪੰਨਾ 39 'ਤੇ .......



# ਯਾਤਰਾ ਸ੍ਰੀ ਕਰਤਾਰਪੁਰ ਸਾਹਿਬ, (ਪਾਕਿਸਤਾਨ)

ਰਾਜਿੰਦਰ ਸਿੰਘ ਨੰਨੂਆਂ
ਰੂਪਨਗਰ

ਸ਼ਹੀਦਾਂ ਦੇ ਸਿਰਤਾਜ, ਪੰਜਵੇ ਪਾਤਸ਼ਾਹ ਸਾਹਿਬ ਸ੍ਰੀ ਗੁਰੂ ਅਰਜਨ ਦੇਵ ਜੀ ਮਹਾਰਾਜ ਦਾ ਗੁਰੂ ਗ੍ਰੰਥ ਸਾਹਿਬ ਜੀ ਦੇ 816 ਅੰਗ 'ਤੇ ਬਿਲਾਵਲ ਰਾਗ ਵਿਚ ਉਚਾਰਨ ਕੀਤਾ ਸ਼ਬਦ "ਕਰਤਾਰ ਪੁਰਿ ਕਰਤਾ ਵਸੈ ਸੰਤਨ ਕੈ ਪਾਸਿ" ਦਾ ਜਦੋਂ ਵੀ ਕੀਰਤਨ ਸੁਣੀਦਾ ਸੀ ਤਾਂ ਉਸੀ ਸਮੇਂ ਸ੍ਰੀ ਗੁਰੂ ਨਾਨਕ ਦੇਵ ਜੀ ਮਹਾਰਾਜ ਵਲੋਂ ਰਾਵੀ ਦਰਿਆ ਦੇ ਕੰਢੇ ਬਹੁਤ ਹੀ ਰਮਣੀਕ ਸਥਾਨ 'ਤੇ ਡੇਰਾ ਬਾਬਾ ਨਾਨਕ ਤੋਂ 5 ਕਿਲੋਮੀਟਰ ਦੀ ਵਿੱਥ ਤੇ ਵਸਾਏ ਗਏ ਸ੍ਰੀ ਕਰਤਾਰ ਪੁਰ ਸਾਹਿਬ ਦੀ ਯਾਦ ਸੁਤੇ ਸਿੱਧ ਹੀ ਦਿਮਾਗ ਵਿਚ ਤਾਜ਼ਾ ਹੋ ਜਾਂਦੀ ਅਤੇ ਨਾਲ ਹੀ ਦਰਸ਼ਨਾਂ ਦੀ ਤਾਂਘ ਪਰ ਇਸ ਅਸਥਾਨ ਦਾ ਪਾਕਿਸਤਾਨ ਵਿਚ ਹੋਣ ਕਾਰਨ ਦਿਲ ਦੇ ਵਲਵਲੇ ਅੰਦਰ ਹੀ ਖਲਬਲੀ ਮਚਾ ਸ਼ਾਂਤ ਹੋ ਜਾਂਦੇ। ਇਸ ਅਸਥਾਨ ਦੇ ਦਰਸ਼ਨ ਦਿਦਾਰੇ ਕਰਨ ਲਈ ਜਥੇਦਾਰ ਕੁਲਦੀਪ ਸਿੰਘ ਵਡਾਲਾ ਵਲੋਂ ਸੰਗਤ ਨਾਲ ਮਿਲ ਕੇ ਕਈ ਸਾਲਾਂ ਤੱਕ ਭਾਰਤ-ਪਾਕਿ ਸਰਹੱਦ 'ਤੇ ਖੜੋ ਕੇ ਕੀਤੀਆਂ ਜਾਂਦੀਆਂ ਅਰਦਾਸਾਂ ਅਤੇ ਨਵਜੋਤ ਸਿੰਘ ਸਿੱਧੂ ਤੇ ਪਾਕਿਸਤਾਨ ਦੇ ਪ੍ਰਧਾਨ ਮੰਤਰੀ ਇਮਰਾਨ ਖਾਨ ਨਾਲ ਨਿਜੀ ਦੋਸਤੀ ਅਤੇ ਨੇੜਤਾ ਨੇ ਗੁਰੂ ਮਹਾਰਾਜ ਦੀ ਕ੍ਰਿਪਾ ਨਾਲ ਭਾਰਤ ਅਤੇ ਪਾਕਿਸਤਾਨ ਦੀਆਂ ਸਰਕਾਰਾਂ ਵਲੋਂ ਸੰਗਤ ਦੀਆਂ ਭਾਵਨਾਵਾਂ ਨੂੰ ਧਿਆਨ ਵਿਚ ਰੱਖਦੇ ਹੋਏ 09 ਨਵੰਬਰ, 2019 ਨੂੰ ਇਕ ਪ੍ਰਭਾਵਸ਼ਾਲੀ ਸਮਾਗਮ ਕਰਕੇ ਇਸ ਪਵਿੱਤਰ ਅਸਥਾਨ ਦੇ ਦਰਸਨਾਂ ਲਈ ਲਾਂਘਾ ਖੋਲ੍ਹ ਦਿੱਤਾ ਗਿਆ।

ਸ੍ਰੀ ਕਰਤਾਰ ਪੁਰ ਸਾਹਿਬ ਦੀ ਯਾਤਰਾ ਲਈ ਡਾ:ਅਜਮੇਰ ਸਿੰਘ,ਪ੍ਰਧਾਨ, ਸੈਣੀ ਭਵਨ ਰੂਪਨਗਰ ਦੀ ਅਗਵਾਈ ਵਿਚ 20 ਯਾਤਰੀਆਂ ਦਾ ਇਕ ਜਥਾ 27 ਫਰਵਰੀ 2023 ਨੂੰ 04.30 ਵਜੇ ਸਵੇਰੇ ਰੂਪਨਗਰ ਤੋਂ ਰਵਾਨਾ ਹੋਇਆ।ਇਸ ਯਾਤਰਾ ਦਾ ਪ੍ਰਬੰਧ ਕਰਨ ਦੀ ਜ਼ਿੰਮੇਵਾਰੀ ਇਸ ਲਿਖਤ ਦੇ ਲੇਖਕ ( ਰਾਜਿੰਦਰ ਸਿੰਘ ਨੰਨੂਆਂ) ਨੂੰ ਸੌਂਪੀ ਗਈ ਸੀ। ਸ੍ਰੀ ਕਰਤਾਰ ਪੁਰ ਸਾਹਿਬ ਦੀ ਰੂਪਨਗਰ ਤੋਂ ਦੂਰੀ ਲੱਗਭੱਗ 213 ਕਿਲੋਮੀਟਰ ਹੈ। ਇਹ ਯਾਤਰਾ ਰੂਪਨਗਰ ਤੋਂ ਸ਼ੁਰੂ ਕਰਨ ਤੋਂ ਬਾਅਦ ਰਸਤੇ ਵਿਚ ਕੁਝ ਸਨੈਕਸ ਦਾ ਆਨੰਦ ਲੈਂਦੇ ਹੋਏ ਜਲੰਧਰ ਵਿਖੇ ਹਵੇਲੀ ਹੋਟਲ ਤੇ ਗਰਮ ਚਾਹ ਦੀਆਂ ਚੁਸਕੀਆਂ ਲੈਣ ਲਈ ਰੁਕੀ ਸਵੇਰ ਦੀ ਠੰਡੀ ਰੁਮਕਦੀ ਪੌਣ ਵਿਚ ਗਰਮ ਚਾਹ ਦਾ ਕੱਪ ਨਿੱਘ ਅਤੇ ਚੁਸਤੀ ਦਾ ਅਹਿਸਾਸ ਦੇ ਰਿਹਾ ਸੀ। ਇਸ ਉਪਰੰਤ ਬਿਆਸ ਤੋਂ ਬਾਬਾ ਬਕਾਲਾ, ਮਹਿਤਾ ਚੌਕ, ਬਟਾਲਾ ਬਾਈਪਾਸ ਹੁੰਦੇ ਹੋਏ ਕਰੀਬ 10.15 ਵਜੇ ਡੇਰਾ ਬਾਬਾ ਨਾਨਕ ਵਿਖੇ ਕਰਤਾਰਪੁਰ ਕੌਰੀਡੌਰ ਪੁੱਜ ਗਏ। ਰੂਪਨਗਰ ਤੋਂ ਬਿਆਸ ਤੱਕ ਦਾ ਹਾਈਵੇ ਬਹੁਤ ਹੀ ਅੱਛਾ ਸੀ ਪਰ ਬਿਆਸ ਤੋਂ ਬਾਅਦ ਸੜਕ ਦੀ ਹਾਲਤ ਚੰਗੀ ਨਾ ਹੋਣ ਕਾਰਨ ਅਤੇ ਟਰੈਫਿਕ ਦੀ ਬਹੁਤਾਤ ਕਰਕੇ ਸਾਡੇ ਵਹੀਕਲ ਦੀ ਰਫਤਾਰ ਹੋਲੀ ਹੋ ਗਈ। ਅੱਗੇ ਮਹਿਤਾ ਚੌਕ ਤੋਂ ਬਾਅਦ ਸੜਕ ਨੂੰ ਡਬਲ ਲੇਨ ਬਣਾਉਣ ਲਈ ਸੜਕ ਦੇ ਦੋਨੋ ਪਾਸੇ ਮੈਡੀਸਨ ਮਹੱਤਤਾ ਵਾਲੇ ਅਰਜਨ ਦਰਖਤ ਬਹੁਤ ਹੀ ਬੇ-ਰਹਿਮੀ ਨਾਲ ਕੱਟੇ ਜਾ ਰਹੇ ਸਨ ਜਦਕਿ ਇਨਾਂ ਦਰਖਤਾਂ ਨੂੰ ਕਿਸੇ ਆਯੁਰਵੈਦਿਕ ਦਵਾਈਆਂ ਬਣਾਉਣ ਵਾਲੀ ਕੰਪਨੀ ਨਾਲ ਸੰਪਰਕ ਕਰਕੇ ਅੱਛੇ ਤਰੀਕੇ ਨਾਲ ਕੰਮ ਵਿਚ ਲਿਆਇਆ ਜਾ ਸਕਦਾ ਸੀ।



ਭਾਰਤ ਸਰਕਾਰ ਵਲੋਂ ਇਸ ਅਸਥਾਨ ਤੇ ਇਕ ਬਹੁਤ ਹੀ ਖੂਬਸੂਰਤ ਕੋਰੀਡੋਰ ਦੀ ਉਸਾਰੀ ਕੀਤੀ ਗਈ ਹੈ ਜਿੱਥੇ ਪੰਜਾਬ ਦੀ ਸਭਿਆਚਾਰ ਦੀ ਦਿੱਖ ਦੇਣ ਲਈ ਕੋਰੀਡੋਰ ਦੇ ਖੱਬੇ ਪਾਸੇ ਇਕ ਵੱਡ ਆਕਾਰੀ ਮੋਢੇ ਤੇ ਹੱਲ ਚੁੱਕੀ ਇਕ ਕਿਸਾਨ ਦਾ ਖੂਬਸੂਰਤ ਬੁੱਤ ਲਗਾਇਆ ਗਿਆ ਹੈ ਅਤੇ ਦੂਜੇ ਸੱਜੇ ਪਾਸੇ ਪੰਗਤ ਵਿਚ ਬੈਠੀ ਸੰਗਤ ਨੂੰ ਲੰਗਰ ਛਕਾਉਣ ਦਾ ਭਾਵਪੂਰਤ ਦ੍ਰਿਸ਼ ਬੁੱਤ ਦੇ ਰੂਪ ਵਿਚ ਸਥਾਪਤ ਕਰਕੇ ਸਿੱਖ ਧਰਮ ਦੀ ਲੰਗਰ ਅਤੇ ਪੰਗਤ ਦੀ ਪਰੰਪਰਾ ਨੂੰ ਦਰਸਾਇਆ ਗਿਆ ਹੈ।ਕੌਰੀਡੋਰ ਦੇ ਅੰਦਰ ਦਾਖਲ ਹੁੰਦੇ ਹੀ ਸੱਜੇ ਹੱਥ ਇਕ ਕੰਟੀਨ ਵੀ ਚਲ ਰਹੀ ਹੈ ਜਿੱਥੇ ਰਿਫਰੈਸ਼ ਹੋਇਆ ਜਾ ਸਕਦਾ ਹੈ।ਇਸ ਕੌਰੀਡੋਰ ਦੀ ਮੁੱਖ ਗੈਲਰੀ ਦੇ ਅੰਦਰ ਦਾਖਲ ਹੋ ਕੇ ਸਾਹਮਣੇ ਐਨ ਵਿਚਕਾਰ ਇਕ ਵੱਡ ਆਕਾਰੀ 'ੴ' ਲਿਖਿਆ ਹੋਇਆ ਹੈ ਅਤੇ ਲੈਂਡ ਸਕੇਪਿੰਗ ਕਰਕੇ ਵਧੀਅ ਕਿਸਮ ਦੇ ਫੁੱਲਾਂ ਦੇ ਬੂਟੇ ਲਗਾਏ ਹੋਏ ਹਨ। ਕੋਰੀਡੋਰ ਦੇ ਦੂਜੇ ਹਿੱਸੇ ਵਿਚ ਤੁਹਾਡਾ ਪਾਸਪੋਰਟ, ਕੋਰੋਨਾ ਟੈਸਟ ਰਿਪੋਰਟ ਚੈਕ ਕੀਤੀ ਜਾਂਦੀ ਹੈ ਅਤੇ ਨਾਲ ਹੀ ਪੋਲੀਓ ਦੀਆਂ ਬੂੰਦਾਂ ਵੀ ਪਿਲਾਈਆਂ ਜਾਂਦੀਆਂ ਹਨ। ਇੱਥੇ ਹੀ ਤੁਹਾਡਾ ਪਾਸਪੋਰਟ ਸਕੈਨ ਕੀਤਾ ਜਾਂਦਾ ਹੈ ਅਤੇ ਤੁਹਾਡੀ ਭਾਰਤ ਸਰਕਾਰ ਵਲੋਂ ਜਾਰੀ ਕੀਤੀ ਪ੍ਰਵਾਨਗੀ ਸਰਟੀਫਿਕੇਟ ਤੇ ਇਮੀਗਰੇਸ਼ਨ ਦੀ ਲਾਲ ਸਟੈਂਪ ਲਗਾ ਦਿੱਤੀ ਜਾਂਦੀ ਹੈ ਅਤੇ ਤੁਹਾਡੇ ਵਲੋਂ ਨਾਲ ਲਿਜਾਏ ਜਾਣ ਵਾਲੇ ਬੈਗ ਆਦਿ ਵੀ ਸਕੈਨ ਮਸ਼ੀਨ ਵਿਚ ਚੈਕ ਕੀਤੇ ਜਾਂਦੇ ਹਨ। ਇਸ ਉਪਰੰਤ ਤੁਹਾਨੂੰ ਇਕ ਬੈਟਰੀ ਵਾਲੀ ਗੱਡੀ ਪਾਕਿਸਤਾਨ ਵਾਲੇ ਪਾਸੇ ਬੈਠਾ ਕੇ ਲੈ ਜਾਂਦੀ ਹੈ ਜਿੱਥੇ ਤੁਹਾਡੇ ਵਲੋਂ ਆਪਣਾ ਪਾਸਪੋਰਟ ਪੇਸ਼ ਕੀਤਾ ਜਾਂਦਾ ਹੈ ਅਤੇ 20

ਅਮਰੀਕੀ ਡਾਲਰ ਦੀ ਫੀਸ ਜਮਾਂ ਕਰਵਾਈ ਜਾਂਦੀ ਹੈ। ਅਮਰੀਕੀ ਡਾਲਰ ਦੀ ਕੀਮਤ ਲੱਗਭੱਗ 263 ਪਾਕਿਸਤਾਨੀ ਰੁਪਈਆਂ ਦੇ ਬਰਾਬਰ ਬਣਦੀ ਹੈ।ਇੱਥੇ ਪਾਕਿਸਤਾਨ ਕਾਰੀਡੋਰ ਵਿਚ ਉਨ੍ਹਾ ਦੇ ਅਧਿਕਾਰੀ ਤੁਹਾਡੇ ਪਾਸਪੋਰਟ ਅਤੇ ਜਮਾਂ ਕਰਵਾਈ ਫੀਸ ਦੀ ਰਸੀਦ ਨੂੰ ਚੈਕ ਕਰਦੇ ਹਨ ਅਤੇ ਫੀਸ ਵਾਲੀ ਰਸੀਦ ਉੱਤੇ ਹੀ ਆਪਣੀ ਇੰਮੀਗਰੇਸ਼ਨ ਦੀ ਲਾਲ ਸਟੈਂਪ ਲਗਾ ਦਿੰਦੇ ਹਨ ਪਾਕਿਸਤਾਨ ਦੇ ਅਧਿਕਾਰੀਆਂ ਵਲੋਂ ਸੰਗਤ ਪਾਸੋਂ ਕੋਈ ਕੋਰੋਨਾ ਟੈਸਟ ਰਿਪੋਰਟ ਅਤੇ ਪੋਲੀਓ ਬੂੰਦਾਂ ਪਿਲਾਉਣ ਬਾਰੇ ਜਾਂ ਕਿਸੇ ਹੋਰ ਟੀਕਾਕਰਨ ਸਬੰਧੀ ਕੋਈ ਪੁੱਛਗਿੱਛ ਨਹੀਂ ਕੀਤੀ ਗਈ। ਇੱਥੋਂ ਪਾਕਿਸਤਾਨ ਦੀਆਂ ਏ.ਸੀ. ਬੱਸਾਂ ਵਿਚ ਬਿਠਾ ਕੇ 3.5 ਕਿਲੋਮੀਟਰ ਦੂਰ ਰਾਵੀ ਦਰਿਆ ਦਾ ਪੁਲ ਪਾਰ ਕਰ ਅਸੀ ਜ਼ਿੰਦਗੀ ਦੇ ਅਹਿਮ ਪਲ ਮਾਣਦੇ ਹੋਏ ਇਕ ਉਮਰਾਂ ਦੀ ਰੀਝ, ਦਰਸ਼ਨਾਂ ਦੀ ਪਵਿੱਤਰ ਭਾਵਨਾ ਅਤੇ ਤਾਂਘ ਨਾਲ ਸ੍ਰੀ ਕਰਤਾਰ ਪੁਰ ਸਾਹਿਬ ਜੀ ਦੇ ਪਵਿੱਤਰ ਗੁਰਧਾਮ ਦੇ ਸਾਹਮਣੇ ਜਦੋਂ ਬੱਸ ਵਿਚੋਂ ਉਤਰੇ ਤੇ ਆਪ ਮੁਹਾਰੇ ਧੰਨ ਗੁਰੂ ਨਾਨਕ, ਧੰਨ ਗੁਰੂ ਨਾਨਕ ਦੇ ਸ਼ਬਦ ਨਿਕਲੇ ਤੇ ਨਤਮਸਤਕ ਹੋਏ ਇੱਥੇ ਗੁਰਦੁਆਰਾ ਕੰਪਲੈਕਸ ਵਿਚ ਦਾਖਲ ਹੋਣ ਤੋਂ ਪਹਿਲਾਂ ਇਕ ਪਾਕਿਸਤਾਨੀ ਅਧਿਕਾਰੀ ਵਲੋਂ ਬੜੇ ਸਲੀਕੇ ਅਤੇ ਸ਼ੁੱਧ ਪੰਜਾਬੀ ਵਿਚ ਕੰਪਲੈਕਸ ਵਿਚ ਮੌਜੂਦ ਜੋੜਾ ਘਰ, ਗੁਰਦੁਆਰਾ ਸਾਹਿਬ, ਲੰਗਰ ਘਰ, ਪੀਣ ਵਾਲੇ ਪਾਣੀ, ਮਾਰਕੀਟ, ਅਤੇ ਜ਼ਨਾਨਾ ਤੇ ਮਰਦਾਨਾ ਪਾਖਾਨਿਆਂ ਆਦਿ ਬਾਰੇ ਜਾਣਕਾਰੀ ਦਿੱਤੀ ਗਈ। ਇੱਥੇ ਇਹ ਵਰਨਣਯੋਗ ਹੈ ਕਿ ਭਾਰਤੀ ਕੌਰੀਡੋਰ ਅਤੇ ਪਾਕਿਸਤਾਨੀ ਕੌਰੀਡੌਰ ਤੇ ਤਾਇਨਾਤ ਸਟਾਫ, ਸੁਰੱਖਿਆ ਸਟਾਫ ਅਤੇ ਰਸਤੇ ਵਿਚ ਬੱਸਾਂ ਦੇ ਸਟਾਫ ਦਾ ਸੰਗਤਾਂ ਪ੍ਰਤੀ ਵਤੀਰਾ ਬਹੁਤ ਹੀ ਨਿਮਰਤਾ, ਸਹਿਯੋਗ ਅਤੇ ਸਲਾਹੁਣ ਵਾਲਾ ਸੀ।

ਸਾਰੀ ਸੰਗਤ ਵਲੋਂ ਗੁਰਦੁਆਰਾ ਸਾਹਿਬ ਦੀ ਇਮਾਰਤ ਦੇ ਬਾਹਰ ਗੁਰੂ ਨਾਨਕ ਦੇਵ ਜੀ ਮਹਾਰਾਜ ਦੀ ਉਨਾਂ ਦੇ ਮੁਸਲਿਮ ਸ਼ਰਧਾਲੂਆਂ ਵਲੋਂ ਬਣਾਈ ਗਈ ਖੂਬਸੂਰਤ ਮਜਾਰ 'ਤੇ ਮੱਥਾ ਟੇਕਿਆ ਗਿਆ ਅਤੇ ਇਸ ਉਪਰੰਤ ਇਮਾਰਤ ਦੇ ਅੰਦਰ ਹਿੰਦੂ ਸਿੱਖ ਸ਼ਰਧਾਲੂਆਂ ਵਲੋਂ ਬਣਾਈ ਗਈ ਸਮਾਧ ਨੂੰ ਵੀ ਨਤਮਸਤਕ ਹੋਏ। ਗੁਰੂ ਗ੍ਰੰਥ ਸਾਹਿਬ ਦਾ ਪ੍ਰਕਾਸ਼ ਗੁਰਦੁਆਰਾ ਸਾਹਿਬ ਦੇ ਪਹਿਲੀ ਮੰਜਲ 'ਤੇ ਕੀਤਾ ਹੋਇਆ ਹੈ ਜਿੱਥੇ ਜਾਣ ਲਈ ਇਕ ਪਾਸੇ ਦੀਆਂ ਪੌੜੀਆਂ ਤੋਂ ਉਪਰ ਜਾਇਆ ਜਾਂਦਾ ਹੈ ਅਤੇ ਦੂਜੇ ਪਾਸੇ ਦੀਆਂ ਪੌੜੀਆਂ ਤੋਂ ਥੱਲੇ ਆਇਆ ਜਾਂਦਾ ਹੈ। ਗੁਰਦੁਆਰਾ ਸਾਹਿਬ ਵਿਚ ਸੰਗਤ ਵਲੋਂ ਹੀ ਵਾਰੀ ਵਾਰੀ ਕੀਰਤਨ ਕੀਤਾ ਜਾ ਰਿਹਾ ਸੀ ਅਤੇ ਪਿੱਛੇ ਗੈਲਰੀ ਵਿਚ ਕੜਾਹ ਪ੍ਰਸ਼ਾਦਿ ਅਤੇ ਘਰ ਲਿਜਾਉਣ ਲਈ ਪਿੰਨੀ ਪ੍ਰਸਾਦਿ ਵਰਤਾਇਆ ਜਾ ਰਿਹਾ ਸੀ। ਗੁਰਦੁਆਰਾ ਸਾਹਿਬ ਦੇ ਨਾਲ ਹੀ ਉਹ ਇਤਹਾਸਿਕ ਟਿੰਡਾਂ ਵਾਲਾ ਖੂਹ ਮੌਜੂਦ ਹੈ ਜਿਸ ਦੇ ਪਾਣੀ ਨਾਲ ਜਗਤ ਗੁਰੂ ਨਾਨਕ ਦੇਵ ਜੀ ਆਪਣੇ ਹੱਥੀਂ ਖੇਤੀ ਕਰਿਆ ਕਰਦੇ ਸੀ। ਇਸ ਖੂਹ ਸਾਹਿਬ ਦੇ ਜਲ ਨੂੰ ਆਰ.ਓ ਸਿਸਟਮ ਨਾਲ ਸ਼ੁੱਧ ਕਰਕੇ ਪਾਣੀ ਦੀਆਂ ਸੀਲਬੰਦ ਬੋਤਲਾਂ ਵਿਚ ਭਰ ਕੇ ਸੰਗਤ ਦੇ ਘਰ ਲਿਜਾਣ ਲਈ ਰੱਖਿਆ ਹੋਇਆ ਹੈ ਜਿਸ ਦੀ ਕੋਈ ਕੀਮਤ ਨਹੀਂ ਰੱਖੀ ਗਈ।

ਕਰਤਾਰ ਪੁਰ ਸਾਹਿਬ ਵਾਲੀ ਜਗ੍ਹਾ ਪਹਿਲਾਂ ਗੁਰੂ ਨਾਨਕ ਦੇਵ ਜੀ ਮਹਾਰਾਜ ਭਾਈ ਮਰਦਾਨੇ ਨਾਲ ਖੁੱਲ੍ਹੇ ਖੇਤਾਂ ਵਿਚ ਇਲਾਹੀ ਬਾਣੀ ਦਾ ਅਗੰਮੀ ਕੀਰਤਨ ਕਰ ਰਹੇ ਸਨ ਤਾਂ ਉਸ ਸਮੇਂ ਕੁਝ ਦੂਰੀ 'ਤੇ ਦੋਦਾ ਜੱਟ ਨਾਮਕ ਇਕ ਕਿਸਾਨ ਦੀ ਪਤਨੀ (ਜਿਸ ਨੂੰ ਸਾਖੀਆਂ ਵਿਚ ਦੋਦੋ ਰਾਣੀ ਵੀ ਲਿਖਿਆ ਮਿਲਦਾ ਹੈ), ਇਹ ਰਸਭਿੰਨੀ ਆਵਾਜ਼ ਸੁਣਦੀ ਹੈ ਤਾਂ ਉਹ ਸੋਚਦੀ ਹੈ ਕਿ ਇਹੋ ਜਿਹੀ ਧੁੰਨ,ਇਹੋ ਜਿਹਾ ਗਾਉਣ ਉਸ ਨੇ ਪਹਿਲਾਂ ਕਦੀ ਸੁਣਿਆ ਨਹੀਂ। ਅਜਿਹੀ ਬੇਆਬਾਦ ਜੂਹ ਵਿਚ ਦਰਿਆ ਦੇ ਕੰਢੇ ਇਹ ਕੌਣ ਲੋਕ ਹੋ ਸਕਦੇ ਹਨ ਲਗਾਤਾਰ ਤਿੰਨ ਦਿਨ ਉਹ ਇਹ ਰੱਬੀ ਬਾਣੀ ਦੇ ਸੰਗੀਤ ਦੀਆਂ ਤਰੰਗਾਂ ਸੁਣਦੀ ਰਹੀ। ਅੰਤ ਉਹ ਗੁਰੂ ਜੀ ਅਤੇ ਭਾਈ ਮਰਦਾਨਾ ਜੀ ਨੂੰ ਮਿਲ ਕੇ ਆਪਣੀ ਉਤਸੁਕਤਾ ਖਤਮ ਕਰਨ ਲਈ ਸੰਵਾਦ ਕਰਦੀ ਹੈ ਅਤੇ ਉਨ੍ਹਾਂ ਤੋਂ ਪ੍ਰਭਾਵਤ ਹੋ ਕੇ ਉਨ੍ਹਾਂ ਦੀ ਦੁੱਧ ਅਤੇ ਖਾਧ ਪਦਾਰਥਾਂ ਨਾਲ ਸੇਵਾ ਕਰਨ ਲੱਗ ਜਾਂਦੀ ਹੈ। ਇਸੇ ਦੌਰਾਨ ਉਸ ਦਾ ਪਤੀ ਦੋਦਾ ਵੀ ਉਸ ਦਾ ਸਾਥ ਦਿੰਦਾ ਹੈ ਅਤੇ ਗੁਰੂ ਨਾਨਕ ਦੇਵ ਜੀ ਦੇ ਉਪਦੇਸ਼ ਸੁਣ ਕੇ ਉਨ੍ਹਾਂ ਦਾ ਸ਼ਰਧਾਲੂ ਬਣ ਜਾਂਦਾ ਹੈ। ਭਾਈ ਦੋਦਾ ਅਤੇ ਉਸ ਦੀ ਪਤਨੀ ਤੋਂ ਗੁਰੂ ਮਹਾਰਾਜ ਦੀ ਮਹਿਮਾ ਸੁਣ ਕੇ ਹੌਲੀ ਹੌਲੀ ਉਨ੍ਹਾਂ ਦੇ ਨੇੜਲੇ ਇਲਾਕੇ ਦੇ ਹਿੰਦੂ ਅਤੇ ਮੁਸਲਮਾਨ ਵੀ ਗੁਰੂ ਜੀ ਦੀ ਸੰਗਤ ਵਿਚ ਜੁੜਨ ਲਗਦੇ ਹਨ।

ਗੁਰੂ ਜੀ ਦੀ ਸੰਗਤ ਵਿਚ ਹੋਏ ਵਾਧੇ ਤੋਂ ਨਾਰੋਵਾਲ ਦੇ ਚੌਧਰੀ ਕਰੋੜੀਏ ਦੇ ਮਨ ਵਿਚ ਈਰਖਾ ਉਪਜਦੀ ਹੈ ਜਿਸ ਕਾਰਨ ਉਹ ਆਪਣੇ ਇਲਾਕੇ ਵਿਚੋਂ ਗੁਰੂ ਨਾਨਕ ਦੇਵ ਜੀ ਦੇ ਡੇਰੇ ਨੂੰ ਉਜਾੜਨ ਦੇ ਮੰਤਵ ਨਾਲ ਤੁਰ ਪੈਂਦਾ ਹੈ ਪਰ ਗੁਰੂ ਜੀ ਨੂੰ ਮਿਲਣ ਉਪਰੰਤ ਉਨ੍ਹਾਂ ਦੀ ਸ਼ਖਸੀਅਤ ਅਤੇ ਵਿਚਾਰਾਂ ਤੋਂ ਪਹੋ ਕੇ ਉਨ੍ਹਾਂ ਦਾ ਸੇਵਕ ਬਣ ਜਾਂਦਾ ਹੈ। ਚੌਧਰੀ ਕਰੋੜੀਏ ਅਤੇ ਦੋਦਾ ਜੱਟ ਵਲੋਂ ਬਹੁਤ ਸਾਰੀ ਜ਼ਮੀਨ ਸਰਕਾਰੀ ਰਿਕਾਰਡ ਵਿਚ ਗੁਰੂ ਨਾਨਕ ਦੇਵ ਜੀ ਦੇ ਨਾਮ ਲੁਆ ਦਿੱਤੀ ਜਿਸ ਤੇ ਗੁਰੂ ਜੀ ਅਤੇ ਉਨ੍ਹਾਂ ਦੇ ਸਿੱਖ ਖੇਤੀ ਕਰਨ ਲੱਗੇ। ਗੁਰੂ ਨਾਨਕ ਦੇਵ ਜੀ ਵਲੋਂ ਕਰਤਾਰ ਪੁਰ ਸਾਹਿਬ ਨੂੰ 1504 ਈਸਵੀ ਵਿਚ ਆਪਣੀ ਦੂਜੀ ਉਦਾਸੀ ਤੋਂ ਬਾਅਦ ਵਸਾਇਆ ਗਿਆ ਅਤੇ ਉਪਰੰਤ ਆਪਣੇ ਜੀਵਨ ਦੇ ਅਖੀਰੀ 18 ਸਾਲ ਇਸੇ ਕਰਤਾਰ ਪੁਰ ਸਾਹਿਬ ਵਿਚ ਬਤੀਤ ਕੀਤੇ। ਇਸ ਅਸਥਾਨ ਤੇ ਗੁਰੂ ਨਾਨਕ ਦੇਵ ਜੀ ਦਾ ਪਰਿਵਾਰ ਵੀ ਆ ਕੇ ਵੱਸ ਜਾਂਦਾ ਹੈ ਅਤੇ ਬਾਬਾ ਬੁੱਢਾ ਜੀ, ਚੌਧਰੀ ਕਰੋੜੀਆ, ਭਾਈ ਪੈੜਾ, ਭਾਈ ਮੋਖਾ, ਦੋਦਾ ਜੱਟ, ਅਬਦੁਲ ਰਹਿਮਾਨ, ਸੀਹਾਂ ਉਪਲ ਆਦਿ ਅਨੇਕ ਗੁਰਸਿੱਖਾਂ ਨੇ

ਕਰਤਾਰਪੁਰ ਵਿਚ ਬਹੁਤ ਸੇਵਾ ਨਿਭਾਈ ਅਤੇ ਸਿੱਖੀ ਦਾ ਪ੍ਰਚਾਰ ਕੀਤਾ।

ਸਿੱਖ ਇਤਿਹਾਸ ਵਿਚ ਕਰਤਾਰ ਪੁਰ ਸਾਹਿਬ ਦਾ ਵਿਸ਼ੇਸ਼ ਮਹੱਤਵ ਹੈ। ਇਸੇ ਅਸਥਾਨ 'ਤੇ ਗੁਰੂ ਨਾਨਕ ਦੇਵ ਜੀ ਵਲੋਂ ਆਪਣਾ ਉਦਾਸੀ ਦਾ ਭੇਖ ਉਤਾਰ ਕੇ ਸੰਸਾਰੀ ਭਾਵ ਗ੍ਰਹਿਸਥੀ ਕਪੜੇ ਪਹਿਨ ਕੇ ਪਹਿਲਾਂ ਤੋਂ ਚਲੀ ਆ ਰਹੀ ਸੰਸਾਰਕ ਰੀਤ ਨੂੰ ਤੋੜ ਦਿੱਤਾ ਜਿਸ ਅਨੁਸਾਰ ਇਕ ਵਾਰ ਫਕੀਰੀ ਵੇਸ ਧਾਰਨ ਕਰਨ ਤੋਂ ਬਾਅਦ ਉਤਾਰਿਆ ਨਹੀਂ ਜਾ ਸਕਦਾ ਸੀ। ਇੱਥੇ ਹੀ ਉਨਾਂ ਵਲੋਂ ਕਿਰਤ ਕਰੋ, ਨਾਮ ਜਪੋ ਅਤੇ ਵੰਡ ਛਕੋ ਦਾ ਸਰਬ ਉਤਮ ਸਿਧਾਂਤ ਨੂੰ ਵਿਵਹਾਰਿਕ ਰੂਪ ਵਿਚ ਲਾਗੂ ਕੀਤਾ ਗਿਆ। ਗੁਰੂ ਨਾਨਕ ਦੇਵ ਜੀ ਮਹਾਰਾਜ ਤੋਂ ਪਹਿਲਾਂ ਜੋ ਨਾਮ ਜਪਣ ਦਾ ਕੰਮ ਕਰਦੇ ਸੀ ਉਹ ਕਿਰਤ ਨਹੀਂ ਕਰਦੇ ਸੀ ਸਗੋਂ ਦੂਜਿਆਂ ਵਲੋਂ ਕੀਤੀ ਗਈ ਕਿਰਤ ਕਮਾਈ 'ਤੇ ਨਿਰਭਰ ਰਹਿੰਦੇ ਸੀ। ਕਿਸੇ ਦੂਜੇ ਦੀ ਕਮਾਈ 'ਤੇ ਨਿਰਭਰ ਵਿਅਕਤੀ ਆਪਣੇ ਆਪ ਨੂੰ ਹੀਣ ਭਾਵਨਾ ਤੋਂ ਮੁਕਤ ਨਹੀਂ ਕਰ ਸਕਦਾ ਅਤੇ ਵੰਡ ਕੇ ਛਕਣ ਦੀ ਪ੍ਰਵਿਰਤੀ ਜਾਂ ਕਰਮ ਨਹੀਂ ਕਰ ਸਕਦਾ। ਪਰ ਗੁਰੂ ਨਾਨਕ ਦੇਵ ਜੀ ਮਹਾਰਾਜ ਨੇ ਪਹਿਲਾਂ ਕਿਰਤ ਫੇਰ ਨਾਮ ਜਪਣਾ ਅਤੇ ਫਿਰ ਵੰਡ ਛੱਕਣ ਦਾ ਜੋ ਸਿਧਾਂਤ ਦਿੱਤਾ ਗਿਆ ਇਹ ਦੀ ਵਿਲੱਖਣਤਾ ਇਹ ਹੈ ਕਿ ਜਦੋਂ ਕਿਰਤੀ ਵਿਅਕਤੀ ਨਾਮ ਜਪੇਗਾ ਤਾਂ ਉਸ ਵਿਚ ਦਯਾ ਭਾਵ ਜ਼ਰੂਰ ਆਵੇਗਾ। ਇਸੇ ਅਸਥਾਨ 'ਤੇ ਭਾਈ ਲਹਿਣਾ ਜੀ ਨੂੰ ਉਨ੍ਹਾਂ ਦੀ ਸਮਰਪਣ, ਗੁਰੂ ਸਾਹਿਬ ਵਿਚ ਅਟੁੱਟ ਵਿਸ਼ਵਾਸ, ਗੁਰਬਾਣੀ ਦੀ ਟੇਕ, ਸਹਿਣਸ਼ੀਲਤਾ, ਹੁਕਮ ਪ੍ਰਤੀ ਪ੍ਰਤੀਬੱਧਤਾ ਅਤੇ ਹੋਰ ਕਥੇ ਨਾ ਜਾ ਸਕਣ ਵਾਲੇ ਦੈਵੀ ਗੁਣਾ ਦੇ ਮਾਲਕ ਹੋਣ ਸਦਕਾ ਗੁਰੂ ਨਾਨਕ ਦੇਵ ਜੀ ਵਲੋਂ ਗੁਰੂ ਅੰਗਦ ਦੇਵ ਜੀ ਦਾ ਨਾਮ ਦੇ ਕੇ ਦੂਜੇ ਗੁਰੂ ਵਜੋਂ ਗੁਰਿਆਈ ਦਿੱਤੀ ਗਈ ਅਤੇ ਨਾਲ ਹੀ ਉਨ੍ਹਾਂ ਨੂੰ ਆਪਣੀਆਂ ਉਦਾਸੀਆਂ ਦੌਰਾਨ ਰਚੀ ਬਾਣੀ ਅਤੇ ਹੋਰ ਮਹਾਂਪੁਰਸ਼ਾਂ ਦੁਆਰਾ ਉਚਾਰੀ ਅਤੇ ਇਕੱਤਰ ਕੀਤੀ ਬਾਣੀ ਦੀਆਂ ਪੋਥੀਆਂ ਵੀ ਭੇਟ ਕੀਤੀਆਂ ਗਈਆਂ।

ਸ੍ਰੀ ਕਰਤਾਰ ਪੁਰ ਸਾਹਿਬ ਦੇ ਪਵਿੱਤਰ ਅਸਥਾਨ ਦੇ ਦਰਸ਼ਨ ਕਰਨ ਉਪਰੰਤ ਸੰਗਤ ਵਲੋਂ ਲੰਗਰ ਛਕਿਆ ਗਿਆ ਅਤੇ ਗੁਰਦੁਆਰਾ ਕੰਪਲੈਕਸ ਦੇ ਵਿਚ ਹੀ ਸਥਾਪਤ ਇਕ 15-20 ਦੁਕਾਨਾਂ ਦੀ ਛੋਟੀ ਮਾਰਕੀਟ ਵਿਚੋਂ ਕੁਝ ਸਮਾਨ ਖਰੀਦ ਕੀਤਾ ਗਿਆ ਅਤੇ ਵਾਪਸੀ ਲਈ ਚਾਲੇ ਪਾ ਦਿੱਤੇ ਗਏ। ਵਾਪਸੀ ਯਾਤਰਾ ਸਮੇਂ ਪਹਿਲਾਂ ਡੇਰਾ ਬਾਬਾ ਨਾਨਕ ਵਿਖੇ ਪਾਤਸ਼ਾਹੀ ਪਹਿਲੀ ਨਾਲ ਸਬੰਧਤ ਅਸਥਾਨ ਗੁਰਦੁਆਰਾ 'ਸ੍ਰੀ ਦਰਬਾਰ ਸਾਹਿਬ (ਡੇਹਰਾ ਸਾਹਿਬ)' ਅਤੇ ਉਥੇ ਸਥਿਤ ਭਾਈ ਅਜਿਤਾ ਰੰਧਾਵਾ ਜੀ ਦੇ ਟਿੰਡਾਂ ਵਾਲੇ ਅਸ਼ਟਕੋਨੀ ਖੂਹ ਦੇ ਦਰਸ਼ਨ ਕੀਤੇ ਗਏ। ਇਹ ਖੂਹ ਅਜੇ ਵੀ ਚਾਲੂ ਹਾਲਤ ਵਿਚ ਹੈ ਇਸ ਖੂਹ ਤੇ ਗੁਰੂ ਨਾਨਕ ਦੇਵ ਜੀ ਵਲੋਂ ਇਸ਼ਨਾਨ ਕਰਕੇ ਵਿਸਰਾਮ ਕੀਤਾ ਗਿਆ ਸੀ। ਇਸ ਅਸਥਾਨ ਦੀ ਪਹਿਲੀ ਉਸਾਰੀ ਬਾਬਾ ਸ੍ਰੀ ਚੰਦ ਜੀ ਵਲੋਂ ਕਰਵਾਈ ਗਈ ਸੀ ਜਿਸ ਥੜ੍ਹੇ 'ਤੇ ਗੁਰੂ ਨਾਨਕ ਦੇਵ ਜੀ ਮਹਾਰਾਜ ਬਿਰਾਜਮਾਨ ਹੋਏ ਸਨ ਉਸੀ ਉਤੇ "ਦੇਹੁਰਾ ਬਾਬਾ ਨਾਨਕ" ਅਸਥਾਨ ਦੀ ਉਸਾਰੀ ਕਰਵਾਈ ਗਈ ਜਿੱਥੇ ਬਾਅਦ ਵਿਚ ਗੁਰੂ ਅੰਗਦ ਦੇਵ ਜੀ, ਗੁਰੂ ਅਰਜਨ ਦੇਵ ਜੀ ਅਤੇ ਗੁਰੂ ਹਰਗੋਬਿੰਦ ਸਾਹਿਬ ਜੀ ਨੇ ਵੀ ਚਰਨ ਪਾਏ। ਫਿਰ ਸੰਗਤ ਵਲੋਂ ਇਸ ਗੁਰਦੁਆਰਾ ਸਾਹਿਬ ਤੋਂ ਲਗਭੱਗ 500 ਗਜ਼ ਦੀ ਦੂਰੀ 'ਤੇ ਸਥਿਤ 'ਗੁਰਦੁਆਰਾ ਚੋਲਾ ਸਾਹਿਬ' ਦੇ ਦਰਸ਼ਨ ਕੀਤੇ ਗਏ। ਉਪਲਬਧ ਇਤਿਹਾਸ ਅਨੁਸਾਰ ਅਰਬ ਦੇਸ਼ਾਂ ਦੀ ਯਾਤਰਾ ਸਮੇਂ ਪੀਰ ਦਸਤਗੀਰ ਦੀ ਔਲਾਦ ਵਲੋਂ ਇਹ ਚੋਲਾ ਜਿਸ ਉਤੇ 30 ਸੁਪਾਰੇ ਪਵਿੱਤਰ ਕੁਰਾਨ ਦੇ ਅਰਬੀ ਫਾਰਸੀ ਸ਼ਬਦ ਭਾਵ ਪੰਜ ਪ੍ਰਕਾਰ ਦੀਆਂ ਭਾਸ਼ਾਵਾਂ ਵਿਚ ਅੰਕਿਤ ਹਨ, ਗੁਰੂ ਨਾਨਕ ਦੇਵ ਜੀ ਨੂੰ ਭੇਟਾ ਕੀਤਾ ਗਿਆ ਸੀ। ਜੋ ਬਾਅਦ ਵਿਚ ਉਨ੍ਹਾਂ ਵਲੋਂ ਗੁਰੂ ਅੰਗਦ ਦੇਵ ਜੀ ਨੂੰ ਗੁਰਿਆਈ ਸਮੇਂ ਭੇਂਟ ਕੀਤਾ ਗਿਆ ਇਸੇ ਤਰ੍ਹਾਂ ਇਹ ਚੋਲਾ ਗੁਰੂ ਅਰਜਨ ਦੇਵ ਜੀ ਤੱਕ ਪਹੁੰਚਿਆ। ਸ੍ਰੀ ਹਰਿਮੰਦਰ ਸਾਹਿਬ ਅੰਮ੍ਰਿਤਸਰ ਦੀ ਸੇਵਾ ਦੌਰਾਨ ਬਲਖ ਬੁਖਾਰੇ ਦੇ ਇਕ ਸਿੱਖ ਤੋਤਾ ਰਾਮ ਦੀ ਸੇਵਾ ਤੋਂ ਖੁਸ਼ ਹੋ ਕੇ ਇਹ ਚੋਲਾ ਉਸ ਨੂੰ ਬਖਸ਼ਸ਼ ਕੀਤਾ ਗਿਆ ਜੋ ਉਸ ਨੂੰ ਬਲਖ ਬੁਖਾਰੇ ਲੈ ਗਿਆ ਅਤੇ ਸੰਗਤ ਨੂੰ ਦਰਸ਼ਨ ਕਰਵਾਉਦਾ ਰਿਹਾ। ਜਦੋਂ ਉਸ ਦਾ ਅੰਤਿਮ ਸਮਾਂ ਆਇਆ ਤਾਂ ਉਸ ਨੇ ਇਹ ਸੋਚ ਕੇ ਕਿਤੇ ਉਸ ਦੀ ਔਲਾਦ ਇਸ ਚੋਲੇ ਦੀ ਬੇ-ਅਦਬੀ ਨਾ ਕਰ ਬੈਠੇ, ਇਕ ਪਹਾੜ ਦੀ ਗੁਫਾ ਵਿਚ ਰੱਖ ਕੇ ਇਕ ਭਾਰੀ ਪੱਥਰ ਨਾਲ ਬੰਦ ਕਰਕੇ ਸੰਭਾਲ ਦਿੱਤਾ। ਕਾਫੀ ਸਮੇ ਬਾਅਦ ਗੁਰੂ ਨਾਨਕ ਦੇਵ ਦੀ ਬੰਸ਼ ਵਿਚੋਂ ਨੌਵੀਂ ਪੀੜ੍ਹੀ ਵਿਚ ਬਾਬਾ ਕਾਬਲੀ ਮੱਲ ਜੀ ਨੂੰ ਗੁਰੂ ਸਾਹਿਬ ਨੇ ਦਰਸ਼ਨ ਦੇ ਕੇ ਹੁਕਮ ਕੀਤਾ ਕਿ ਉਨ੍ਹਾਂ ਦਾ ਅੰਗ ਬਸਤਰ ਬਲਖ ਬੁਖਾਰੇ ਤੋਂ ਲਿਆਂਦਾ ਜਾਵੇ ਜੋ ਉਥੇ ਸੰਭਾਲਿਆ ਪਿਆ ਹੈ। ਬਾਬਾ ਕਾਬਲੀ ਮੱਲ ਜੀ ਬਲਖ ਬਖਾਰੇ ਗਏ ਅਤੇ ਇਹ ਚੋਲਾ ਵਾਪਸ ਡੇਰਾ ਬਾਬਾ ਨਾਨਕ ਲੈ ਆਏ ਜੋ ਹੁਣ ਗੁਰੂ ਮਹਾਰਾਜ ਦੀ 17ਵੀਂ ਪੀੜੀ ਵਿਚ ਬਾਬਾ ਸੰਦੀਪ ਸਿੰਘ ਬੇਦੀ ਜੀ ਦੀ ਦੇਖ ਰੇਖ ਵਿਚ ਸੰਭਾਲਿਆ ਹੋਇਆ ਹੈ ਅਤੇ ਸੰਗਤਾਂ ਦਰਸ਼ਨ ਕਰਕੇ ਨਿਹਾਲ ਹੁੰਦੀਆਂ ਹਨ।

ਅੱਗੇ ਰਸਤੇ ਵਿਚ ਸੰਗਤ ਵਲੋਂ ਬਾਬਾ ਬਕਾਲਾ ਵਿਖੇ ਨੌਵੇਂ ਪਾਤਸ਼ਾਹ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦੇ ਤਪ ਅਸਥਾਨ ਗੁਰਦੁਆਰਾ 'ਭੋਰਾ ਸਾਹਿਬ' ਦੇ ਦਰਸ਼ਨ ਕੀਤੇ ਜਿੱਥੇ ਗੁਰੂ ਜੀ ਵਲੋਂ 26 ਸਾਲ 9 ਮਹੀਨੇ ਅਤੇ 13 ਦਿਨ ਭਗਤੀ ਕੀਤੀ। ਇਸੇ ਅਸਥਾਨ ਤੇ ਮੱਖਣ ਸ਼ਾਹ ਲੁਬਾਣਾ ਵਲੋਂ ਸਾਹਿਬ ਸ੍ਰੀ ਗੁਰੂ ਤੇਗ ਬਹਾਦਰ ਜੀ ਨੂੰ ਲੱਭ ਕੇ ਪ੍ਰਗਟ ਕੀਤਾ ਗਿਆ ਅਤੇ ਗੁਰੂ ਲਾਧੋ ਰੇ ਦਾ ਹੋਕਾ ਦਿੱਤਾ ਗਿਆ। ਇਸ ਉਪਰੰਤ ਸੰਗਤ ਵਲੋਂ ਵਾਪਸ ਆਪਣੇ ਸ਼ਹਿਰ ਪਹੁੰਚਣ ਲਈ ਚਾਲੇ ਪਾ ਦਿੱਤੇ ਗਏ। ਜਲੰਧਰ ਵਿਖੇ ਰਾਤ ਦਾ ਭੋਜਨ ਛਕਣ ਉਪਰੰਤ ਸੰਗਤ ਇਸ ਯਾਤਰਾ ਦਾ ਆਨੰਦ ਲੈਂਦੇ ਹੋਏ ਰਾਤ 11 ਵਜੇ ਆਪਣੇ ਘਰਾਂ ਨੂੰ ਵਾਪਸ ਪਰਤ ਆਈ।

ਪਿੰਡਾਂ ਲਈ ਚਾਨਣ ਮੁਨਾਰਾ

# ਬੇਟ ਦਾ ਪਿੰਡ, ਛੋਟਾ ਬਹਿਰਾਮਪੁਰ



ਦਵਿੰਦਰ ਸਿੰਘ ਜਟਾਣਾ


ਯੂ,ਐਸ.ਏ ਤੋਂ ਆਏ ਇੱਕ ਦੋਸਤ ਬਲਵਿੰਦਰ ਸਿੰਘ ਦਾ ਫੋਨ ਆਇਆ, 'ਮੈਂ ਬਹਿਰਾਮਪੁਰ ਆਇਆ ਹਾਂ, ਆ ਜਾ ਕੁੱਝ ਸਮਾਂ ਇਕੱਠੇ ਬਤੀਤ ਕਰਾਂਗੇ'। ਸਬਬੀਂ ਮੈਂ ਵੀ ਆਪਣੇ ਜਟਾਣੇ ਪਿੰਡ ਫ਼ਲਾਂ ਦੀ ਬਗੀਚੀ ਵਿੱਚ ਸਾਂ। ਕੁੱਝ ਮਿੰਟ ਵਿੱਚ ਮੈਂ ਜ਼ਿਲ੍ਹਾ ਰੂਪਨਗਰ ਦੇ ਕਸਬਾ ਬੇਲਾ, ਨਜ਼ਦੀਕ ਸੈਣੀ ਬਰਾਦਰੀ ਦੇ ਪਿੰਡ ਛੋਟਾ ਬਹਿਰਾਮਪੁਰ ਸਾਂ। ਚਾਹ ਦੀਆਂ ਚੁਸਕੀਆਂ ਲੈਂਦਿਆਂ ਸਤਵਿੰਦਰ ਸਿੰਘ ਰਿੰਕੂ ਤੇ ਕੁੱਝ ਹੋਰ ਗੱਲਾਂ ਗੱਲਾਂ ਵਿੱਚ ਪਿੰਡ ਦੀ ਮਿਸਾਲੀ ਤਰੱਕੀ ਦੀ ਚਰਚਾ ਕਰਨ ਲੱਗੇ। ਸਭ ਨੇ ਕਿਹਾ, 'ਆਓ! ਤੁਹਾਨੂੰ ਜੀਪ 'ਤੇ ਗੇੜਾ ਲਵਾਈਏ'। ਸਭ ਤੋਂ ਪਹਿਲਾਂ ਪਿੰਡ ਦੇ ਵੱਡੇ ਗਰਾਉਂਡ ਵਿੱਚ ਗਏ। ਅੰਦਰ ਵੜਦਿਆਂ ਮੇਰੇ ਮੂੰਹੋਂ ਨਿਕਲਿਆ, 'ਵਾਹ! ਇਹ ਤਾਂ ਕਿਸੇ ਵੱਡੇ ਸ਼ਹਿਰ ਦੇ ਪਾਰਕ ਨੂੰ ਮਾਤ ਪਾਉਂਦਾ ਹੈ'। ਸ਼ਾਨਦਾਰ ਵਲਾਇਤੀ ਘਾਹ, 1100 ਫੁੱਟ ਦੇ ਚੌਗਿਰਦੇ ਵਿੱਚ ਪਾਮ ਤੇ ਹੋਰ ਸਜਾਵਟੀ ਰੁੱਖ, ਚਾਰੇ ਪਾਸੇ ਇੰਟਰਲਾਕ ਟਾਈਲਾਂ ਨਾਲ ਬਣਾਇਆ ਸੈਰ ਕਰਨ ਲਈ ਟਰੈਕ। ਸਰਪੰਚ ਸਤਵਿੰਦਰ ਸੈਣੀ ਨੇ ਦੱਸਿਆ ਕਿ ਇਹ ਪਿਛਲੇ ਦੋ ਕੁ ਸਾਲਾਂ ਵਿੱਚ ਡਵੈਲਪ ਕੀਤਾ ਹੈ। ਉੱਥੇ ਖਲੋਤਿਆਂ ਉਸ ਨੇ ਸਾਹਮਣੇ ਇਸ਼ਾਰਾ ਕੀਤਾ ਕਿ ਔਹ ਪਾਰਕ ਦੇ ਪਰਲੇ ਬੰਨੇ ਤਿੰਨ ਹਜ਼ਾਰ ਹਰਬਲ ਪੌਦੇ ਪਿਛਲੇ ਸਾਲ ਲਗਾਏ ਹਨ। ਮੇਰੀ ਦਿਲਚਸਪੀ ਵਧਦੀ ਗਈ। ਜਦੋਂ ਸਰਪੰਚ ਜਿਸ ਦੀ ਸਰਪੰਚ ਭਾਵੇਂ ਉਸ ਦੀ ਪਤਨੀ ਸ਼੍ਰੀਮਤੀ ਰਣਬੀਰ ਕੌਰ ਸੀ, ਪ੍ਰੰਤੂ ਸਤਵਿੰਦਰ ਸਿੰਘ ਬਣਵੈਤ ਮੋਹਰੀ ਹੋ ਕੇ ਹਰ ਕੰਮ ਨੂੰ ਪ੍ਰਤਿਬੱਧਤਾ ਨਾਲ ਕਰਵਾ ਰਿਹਾ ਸੀ। ਸਾਰੇ ਮੈਨੂੰ ਤੀਸਰੀ ਤਾਂ ਲੈ ਗਏ ਜਿੱਥੇ ਆਕਾਰ ਵਿੱਚ ਛੋਟਾ ਇੱਕ ਪਬਲਿਕ ਪਾਰਕ ਸੀ, ਜਿਸ ਵਿੱਚ ਇੰਟਰਲਾਕ ਟਾਈਲਾਂ ਨਾਲ ਸੈਰ ਟਰੈਕ ਬਣ ਰਿਹਾ ਸੀ। ਮੇਰੇ ਪੁੱਛਣ 'ਤੇ ਕਿ ਇਸ ਪਾਰਕ ਵਿੱਚ ਕਿਹੜੇ ਬੂਟੇ ਲਾ ਰਹੇ ਹੋ ਸਰਪੰਚ ਦਾ ਜਵਾਬ ਸੀ, 'ਜਦੋਂ ਕੋਈ ਗਰਾਂਟ ਆਦਿ ਮਿਲੇਗੀ ਤਾਂ ਲਾਵਾਂਗੇ'। ਮੈਥੋਂ ਉਸ ਦਾ ਉਤਸ਼ਾਹ ਦੇਖਿਆ ਨਾ ਗਿਆ ਤੇ ਮੈਂ ਕਿਹਾ, 'ਮੇਰੀ ਬੇਟੀ ਸ਼ਹਿਨਾਜ਼ ਤੇ ਉਸਦੇ ਪਤੀ ਨੇ ਮੈਨੂੰ ਪੰਜਾਬ ਵਿੱਚ ਵੱਧ ਤੋਂ ਵੱਧ ਦਰਖ਼ਤ ਲਾਉਣ ਲਈ ਕੈਲੇਫੋਰਨੀਆਂ ਤੋਂ ਰਕਮ ਭੇਜੀ ਹੈ, ਸੋ ਸਵੇਰੇ ਹੀ ਮੇਰੇ ਨਾਲ ਨਰਸਰੀ ਤੋਂ ਮਨਭਾਉਂਦੇ ਬੂਟੇ ਲੈ ਆਵੋ। ਅਗਲੇ ਦਿਨ ਅਸੀਂ ਸਾਰੇ ਬੂਟੇ ਲੈ ਆਂਦੇ ਤੇ ਹਿੰਮਤੀ ਸਰਪੰਚ ਨੇ ਪੰਚਾਂ ਦੀ ਮਦਦ ਨਾਲ ਅਗਲੇ ਦਿਨ ਟੋਏ ਪੁੱਟ ਕੇ ਸਾਰੇ ਲਾ ਦਿੱਤੇ।

ਖੈਰ ਪਬਲਿਕ ਪਾਰਕ ਤੋਂ ਬਾਅਦ ਉਨ੍ਹਾਂ ਪਿੰਡ ਦੀਆਂ ਗਲੀਆਂ ਦਿਖਾਈਆਂ ਜਿਨ੍ਹਾਂ ਵਿੱਚ ਅੱਧ ਤੋਂ ਵੱਧ ਸੀਵਰੇਜ਼ ਦਾ ਕੰਮ ਮੁਕੰਮਲ ਹੋ ਚੁੱਕਾ ਸੀ। ਉਨ੍ਹਾਂ ਦੀ ਸੁੰਦਰਤਾ ਵਿੱਚ ਵਾਧਾ ਕਰਦਿਆਂ ਤਿੰਨ-ਚਾਰ ਫੁੱਟ ਦੇ ਸਜਾਵਟੀ ਫੁੱਲ ਬੂਟੇ ਉੱਪਰਲੀ ਸਤਹ 'ਤੇ ਲਗਾਏ ਗਏ ਸਨ। ਬੂਟਿਆਂ ਨੂੰ ਪਾਣੀ ਲਾਉਣ ਦੀ ਵਿਵਸਥਾ ਕਰਦਿਆਂ ਵਾਟਰ ਟੈਂਕ ਬਣਾਇਆ ਗਿਆ ਸੀ ਜਿਸ ਦੇ ਪਿਛਲੇ ਪਾਸੇ ਇੰਜਣ ਦੀ ਵਿਵਸਥਾ ਸੀ ਜੋ ਫਾਇਰ ਬਰੀਗੇਡ ਦਾ ਕੰਮ ਵੀ ਕਰਦਾ ਸੀ। ਮੈਂ ਜਾਣਨਾ ਚਾਹਿਆ ਕਿ ਇਸ ਸਾਰੇ ਖਰਚੇ ਲਈ ਆਮਦਨ ਕਿੱਥੋਂ ਹੁੰਦੀ ਹੈ? ਸਤਵਿੰਦਰ ਸਿੰਘ ਦਾ ਜਵਾਬ ਸੀ ਕਿ ਹਲਕਾ ਐਮ.ਐਲ.ਏ. ਤੇ ਸਾਬਕਾ ਮੁੱਖ ਮੰਤਰੀ ਸ. ਚਰਨਜੀਤ ਸਿੰਘ ਚੰਨੀ ਨੇ ਕਾਫ਼ੀ ਹੱਦ ਤੱਕ ਗਰਾਂਟਾਂ ਦਿੱਤੀਆਂ ਸਨ, ਪਿੰਡ ਦੀ ਜ਼ਮੀਨ, ਨਰੇਗਾ, ਵਰਲਡ ਬੈਂਕ, ਐਮ.ਪੀ. ਮੁਨੀਸ਼ ਤਿਵਾੜੀ ਵਲੋਂ ਸਹਾਇਤਾ ਗਰਾਂਟ, ਪਿੰਡ ਦੇ ਐਨ.ਆਰ.ਆਈ ਬਲਵਿੰਦਰ ਸਿੰਘ ਵਲੋਂ ਮਾਇਕ ਸਹਾਇਤਾ ਆਦਿ ਤੋਂ ਸਾਰੇ ਖਰਚੇ ਕੀਤੇ ਜਾ ਰਹੇ ਹਨ। ਇਨ੍ਹਾਂ ਵਸੀਲਿਆਂ ਰਾਹੀਂ ਆਂਗਨਵਾੜੀ ਵਿੱਚ ਕਮਰਾ, ਰਸੋਈ, ਦੋ ਸ਼ਮਸ਼ਾਨ ਘਾਟ, ਜਿੰਮ, ਯੂਥ ਕਲੱਬ, ਪਾਣੀ ਦੀ ਟੈਂਕੀ ਦੀ ਚਾਰਦੀਵਾਰੀ, ਪ੍ਰਾਇਮਰੀ ਸਕੂਲ ਵਿੱਚ ਬੱਚਿਆਂ ਦੀਆਂ ਖੇਡਾਂ ਇਤਿਆਦ ਕੰਮਾਂ ਨੂੰ ਨੇਪਰੇ ਚਾੜ੍ਹਿਆ ਗਿਆ ਹੈ। ਪਿੰਡ ਵਿੱਚ ਥਾਂ ਥਾਂ ਦਰਖਤ ਲਾਏ ਗਏ ਹਨ। ਸਮੁੱਚਾ ਪਿੰਡ ਘੁੰਮਣ ਨਾਲ ਮਨ ਗਦ ਗਦ ਹੋ ਗਿਆ ਕਿ ਜੇ ਇਸ ਤਰ੍ਹਾਂ ਦੇ ਸੁਹਿਰਦ, ਕੰਮ ਦੀ ਪ੍ਰਤਿਬੱਧਤਾ ਵਾਲੇ ਸਰਪੰਚ ਤੇ ਪੰਚਾਇਤਾਂ ਹੋਣ ਤੇ ਸਰਕਾਰਾਂ ਬਿਨਾਂ ਕਿਸੇ ਪੱਖਪਾਤ ਦੇ ਖਾਹਮਖਾਹ ਦੇ ਭ੍ਰਿਸ਼ਟ ਅਫ਼ਸਰਾਂ ਨੂੰ ਲਾਂਭੇ ਰੱਖ ਕੇ ਮਦਦ ਕਰਨ ਤਾਂ ਐਵੇਂ ਗੱਲਾਂਬਾਤਾਂ ਨਾਲ ਨਹੀਂ, ਅਸਲ ਵਿੱਚ 'ਰੰਗਲਾ ਪੰਜਾਬ' ਬਣ ਜਾਵੇਗਾ। ਅਜਿਹੀ ਸਥਿਤੀ ਵਿੱਚ ਦਾਨੀ ਸੱਜਣ ਪਿੰਡ ਦੇ ਐਨ.ਆਰ.ਆਈ. ਤੇ ਹੋਰ ਖੁੱਲ੍ਹੇ ਮਨ ਨਾਲ ਤਰੱਕੀ ਲਈ ਯੋਗਦਾਨ ਪਾਉਣਗੇ।



ਪਿੰਡ ਦੀ ਸਰਪੰਚ ਨੇ ਇੱਛਾ ਪ੍ਰਗਟ ਕੀਤੀ ਕਿ ਜੇ ਸਰਕਾਰ ਮਦਦ ਕਰੇ ਤਾਂ ਅਸੀਂ ਕਮਿਊਨਿਟੀ ਸੈਂਟਰ, ਲਾਇਬ੍ਰੇਰੀ, ਜਿੰਮ ਕਮਰਾ ਤੇ ਰਹਿੰਦੀ ਸੀਵਰੇਜ਼ ਦਾ ਕੰਮ ਪੂਰਾ ਕਰਨਾ ਚਾਹੁੰਦੇ ਹਾਂ। ਪਿੰਡਵਾਸੀ ਆਪਣੇ ਪਿੰਡ ਦੇ ਬੇਹੱਦ ਮਿਹਨਤੀ ਪੀ.ਸੀ.ਐਸ. ਅਫ਼ਸਰ ਹਰਬੰਸ ਸਿੰਘ ਤੋਂ ਕਾਫ਼ੀ ਉਮੀਦ ਰਖਦੇ ਹਨ।

ਆਖਰ ਵਿੱਚ ਸਲਾਮ ਪਿੰਡ ਦੀ ਸਰਪੰਚ ਬੀਬੀ ਰਣਬੀਰ ਕੌਰ ਤੇ ਉਸ ਦੀ ਟੀਮ ਨੂੰ ਜਿਨ੍ਹਾਂ ਨੂੰ ਮਹਿਲਾ ਦਿਵਸ ਉੱਤੇ ਸਿੰਘ ਪਿੰਡ ਵਿੱਚ ਮੌਜੂਦਾ ਸਪੀਕਰ ਕੁਲਤਾਰ ਸਿੰਘ ਸੰਧਵਾਂ ਨੇ ਸਨਮਾਨਿਤ ਕੀਤਾ। ਆਓ! ਨਿਰੋਲ ਸੈਣੀ ਬਰਾਦਰੀ ਦੇ ਇਸ ਪਿੰਡ ਨੂੰ ਚਾਨਣਮੁਨਾਰੇ ਵਜੋਂ ਦੇਖਦਿਆਂ ਹਰ ਪਿੰਡ ਵਿੱਚ ਉੱਨਤੀ ਦੀ ਜੋਤ ਜਗਾਈਏ।



# ਧਰਤੀ ਹੇਠਲੇ ਪਾਣੀ ਦੀ ਕਮੀ ਲਈ ਕੌਣ ਜ਼ਿੰਮੇਵਾਰ

ਡਾ. ਰਣਜੀਤ ਸਿੰਘ (ਤੰਬੜ)
ਲੁਧਿਆਣਾ

ਪੰਜਾਬ ਵਿੱਚ ਧਰਤੀ ਹੇਠਲਾ ਪਾਣੀ ਖ਼ਤਮ ਹੋ ਰਿਹਾ ਹੈ। ਇਸ ਦੇ ਕਾਰਨਾਂ ਦੀ ਘੋਖ ਅਤੇ ਪਾਣੀ ਵਿੱਚ ਵਾਧੇ ਲਈ ਢੰਗ ਤਰੀਕਿਆਂ ਬਾਰੇ ਵਿਚਾਰ ਵਟਾਂਦਰਾ ਕਰਨ ਦੀ ਥਾਂ ਭਾਂਡਾ ਕਿਸਾਨਾ ਸਿਰ ਭੰਨਿਆ ਜਾ ਰਿਹਾ ਹੈ। ਕੀ ਪੰਜਾਬ ਵਿਚ ਹੋ ਰਹੀ ਪਾਣੀ ਦੀ ਘਾਟ ਲਈ ਕੇਵਲ ਕਿਸਾਨ ਹੀ ਜ਼ਿੰਮੇਵਾਰ ਹਨ? ਕਿਸਾਨ ਤਾਂ ਅੰਨਦਾਤਾ ਹੈ। ਉਹ ਆਪ ਭਾਵੇਂ ਭੁੱਖੇ ਢਿੱਡ ਰਹੇ ਪਰ ਲੋਕਾਈ ਦਾ ਢਿੱਡ ਜ਼ਰੂਰ ਭਰਦਾ ਹੈ। ਉਹ ਤਾਂ ਕੁਦਰਤ ਦੇ ਨੇੜੇ ਹੈ ਜੋ ਪਾਣੀ ਨੂੰ ਦੇਵਤਾ ਮੰਨਦਾ ਹੈ। ਪਾਣੀ ਦੀ ਬਰਬਾਦੀ ਜਾਂ ਇਸ ਨੂੰ ਗੰਧਲਾ ਕਰਨ ਬਾਰੇ ਸੋਚ ਵੀ ਨਹੀਂ ਸਕਦਾ। ਉਸ ਦਾ ਕਿੱਤਾ ਹੀ ਅਜਿਹਾ ਹੈ। ਹੋਰ ਕਿਸੇ ਕਿੱਤੇ ਵਿਚ ਇਤਨੀ ਮਿਹਨਤ ਨਹੀਂ ਕਰਨੀ ਪੈਂਦੀ। ਇਸ ਦੇ ਨਾਲ ਹੀ ਕੁਦਰਤ ਦੀ ਮਾਰ ਵੀ ਉਸੇ ਨੂੰ ਸਭ ਤੋਂ ਵੱਧ ਝਲਣੀ ਪੈਂਦੀ ਹੈ। ਕਿਸਾਨ ਪਾਣੀ ਦੀ ਵਰਤੋਂ ਅਨਾਜ ਪੈਦਾ ਕਰਨ ਲਈ ਕਰਦਾ ਹੈ, ਸਾਡੇ ਵਾਂਗ ਉਸ ਦੀ ਬਰਬਾਦੀ ਨਹੀਂ ਕਰਦਾ। ਉਹ ਜਦੋਂ ਖੇਤ ਨੂੰ ਪਾਣੀ ਲਗਾਉਂਦਾ ਹੈ ਤਾਂ ਲਗਭੱਗ ਅੱਧਾ ਪਾਣੀ ਮੁੜ ਧਰਤੀ ਹੇਠ ਚਲੇ ਜਾਂਦਾ ਹੈ ਅਤੇ ਇਕ ਹਿੱਸਾ ਭਾਫ਼ ਬਣ ਕੇ ਉਡਦਾ ਹੈ ਤੇ ਮੁੜ ਸ਼ੁਧ ਹੋ ਕੇ ਮੀਂਹ ਦੇ ਰੂਪ ਵਿਚ ਵਾਪਸ ਧਰਤੀ ਸਿੰਜਦਾ ਹੈ। ਬਾਕੀ ਪਾਣੀ ਦਾਣਿਆਂ ਅਤੇ ਨਾੜ ਰਾਹੀਂ ਮਨੁੱਖ ਤੇ ਪਸ਼ੂਆਂ ਕੋਲ ਜਾਂਦਾ ਹੈ।

ਸਾਡੇ ਮਾਹਿਰ ਸਾਰੇ ਫ਼ਸਾਦ ਦੀ ਜੜ੍ਹ ਝੋਨੇ ਨੂੰ ਮੰਨਦੇ ਹਨ। ਇੱਥੇ ਇਹ ਦੱਸਣਾ ਵਾਜਿਬ ਹੋਵੇਗਾ ਕਿ ਝੋਨਾ ਪਜਾਬ ਦੀ ਰਵਾਇਤੀ ਫ਼ਸਲ ਹੈ। ਚੌਲ਼ਾਂ ਦਾ ਗੁਣਗਾਣ ਵੇਦਾਂ ਵਿਚ ਵੀ ਕੀਤਾ ਗਿਆ ਹੈ। ਮੱਕੀ ਬਾਹਰੋਂ ਆਈ ਫ਼ਸਲ ਹੈ। ਵਾਰਸ ਸ਼ਾਹ ਨੇ ਆਪਣੀ ਹੀਰ ਵਿਚ ਬਾਸਮਤੀ ਦੀਆਂ ਵੀਹ ਤੋ ਵੀ ਵੱਧ ਕਿਸਮਾਂ ਦਾ ਜ਼ਿਕਰ ਕੀਤਾ ਹੈ। ਜਦੋਂ ਸਿੰਜਾਈ ਦੇ ਸਾਧਨ ਖੂਹ ਸਨ ਉਦੋਂ ਸਾਉਣੀ ਵਿਚ ਬਹੁਤ ਘੱਟ ਰਕਬੇ ਵਿਚ ਫ਼ਸਲ ਬੀਜੀ ਜਾਂਦੀ ਸੀ। ਨਿਆਈਂ ਵਿਚ ਮੱਕੀ, ਕਮਾਦ, ਕੁਝ ਦਾਲਾਂ ਸਬਜ਼ੀਆਂ ਤੇ ਚਰ੍ਹੀ ਜਾਂ ਬਾਜਰਾ। ਬਹੁਤੀ ਧਰਤੀ ਖਾਲੀ ਹੀ ਰੱਖੀ ਜਾਂਦੀ ਸੀ। ਮੀਂਹ ਪੈਣ 'ਤੇ ਉਸ ਦੀ ਮੁੜ ਮੁੜ ਵਹਾਈ ਕੀਤੀ ਜਾਂਦੀ ਸੀ। ਹਾੜ੍ਹੀ ਦੀ ਬਿਜਾਈ ਲਈ ਮੀਂਹ ਪਿਛੋਂ ਖੇਤ ਵਿਚ ਗਿੱਲ ਦੱਬ ਲਈ ਜਾਂਦੀ ਸੀ। ਨੀਵੇ ਖੇਤਾਂ ਵਿਚ ਝੋਨੇ ਦੀ ਬਿਜਾਈ ਕੀਤੀ ਜਾਦੀ ਸੀ। ਉਦੋਂ ਬਰਸਾਤ ਬਹੁਤ ਹੁੰਦੀ ਸੀ। ਹਫ਼ਤੇ-ਹਫ਼ਤੇ ਦੀਆਂ ਝੜੀਆਂ ਲਗਦੀਆਂ ਸਨ। ਜਦੋਂ ਪਾਣੀ ਦੀ ਸਹੂਲਤ ਹੋਈ ਤਾਂ ਕਿਸਾਨ ਨੇ ਸਾਉਣੀ ਵਿਚ ਵੀ ਪੂਰੀ ਫ਼ਸਲ ਬੀਜਣੀ ਸ਼ੁਰੂ ਕਰ ਦਿੱਤੀ। ਕਿਸਾਨ ਸਭ ਤੋਂ ਵੱਧ ਮਿਹਨਤ ਕਰਦਾ ਹੈ, ਸਭ ਤੋਂ ਵੱਧ ਖਤਰੇ ਸਹੇੜਦਾ ਹੈ, ਫਿਰ ਵੀ ਉਸ ਦਾ ਗੁਜ਼ਾਰਾ ਮੁਸ਼ਕਿਲ ਨਾਲ ਹੁੰਦਾ ਹੈ। ਇਹ ਝੋਨੇ ਦੀ ਫ਼ਸਲ ਹੀ ਹੈ ਕਿ ਕਿਸਾਨ ਦੇ ਘਰ ਚੁੱਲ੍ਹਾ ਮਘਦਾ ਹੈ। ਝੋਨਾ ਸਾਉਣੀ ਦੀ ਸਭ ਤੋਂ ਘੱਟ ਖ਼ਤਰੇ ਵਾਲੀ ਫ਼ਸਲ ਹੈ। ਜੇ ਇਸ ਦੀ ਲੁਆਈ 30 ਜੂਨ ਤੋਂ ਪਿੱਛੇ ਕੀਤੀ ਜਾਵੇ ਤਾਂ ਮਾਹਿਰਾਂ ਅਨੁਸਾਰ ਵਰਤੇ ਪਾਣੀ ਅਤੇ ਉਪਜ ਦਾ ਆਪੋ ਵਿਚਲਾ ਅਨੁਪਾਤ ਝੋਨੇ ਦਾ ਸਭ ਤੋਂ ਵੱਧ ਹੈ। ਤਿੰਨ ਮਹੀਨਿਆਂ ਦੀ ਫ਼ਸਲ 'ਤੇ 35 ਕੁਇੰਟਲ ਤੋਂ ਵੱਧ ਇਕ ਏਕੜ ਵਿਚੋਂ ਝਾੜ ਪ੍ਰਾਪਤ ਹੋ ਜਾਂਦਾ ਹੈ।

ਇਸ ਵਿਚ ਕੋਈ ਸ਼ੱਕ ਨਹੀਂ ਕਿ ਝੋਨੇ ਹੇਠ ਕੋਈ 10 ਲੱਖ ਹੈਕਟੇਅਰ ਧਰਤੀ ਕੱਢ ਕੇ ਦੂਜੀਆਂ ਫ਼ਸਲਾਂ ਹੇਠ ਲਿਜਾਣ ਦੀ ਲੋੜ ਹੈ। ਕੀ ਕਿਸੇ ਮਾਹਿਰ ਨੇ ਦੱਸਿਆ ਹੈ ਕਿ ਉਸ ਦਸ ਲੱਖ ਹੈਕਟੇਅਰ ਵਿਚ ਕੀ ਬੀਜਿਆ ਜਾਵੇ। ਅਸਲ ਵਿਚ ਕੋਈ ਸਰਕਾਰ ਨਹੀਂ ਚਾਹੁੰਦੀ ਕਿ ਝੋਨੇ ਦੀ ਪੈਦਾਵਾਰ ਘੱਟ ਕੀਤੀ ਜਾਵੇ। ਹਰ ਵਰ੍ਹੇ ਕੇਂਦਰ ਸਰਕਾਰ ਰਾਜਾਂ ਨੂੰ ਪੈਦਾਵਾਰ ਦੇ ਟੀਚੇ ਦਿੰਦੀ ਹੈ ਤੇ ਇਸ ਵਿਚ ਹਰ ਵਾਰ ਵਾਧਾ ਕੀਤਾ ਜਾਂਦਾ ਹੈ। ਵਾਹੀ ਹੇਠ ਧਰਤੀ ਘਟ ਰਹੀ ਹੈ ਅਤੇ ਆਬਾਦੀ ਵਿਚ ਵਾਧਾ ਹੋ ਰਿਹਾ ਹੈ। ਦੇਸ਼ ਦੀ ਸਾਰੀ ਵਸੋਂ ਨੂੰ ਰੱਜਵੀ ਰੋਟੀ ਅਜੇ ਵੀ ਮਿਲ ਨਹੀਂ ਰਹੀ। ਪੰਜਾਬ ਸਰਕਾਰ ਨੇ ਗਰਮੀਆਂ ਵਿਚ ਮੂੰਗੀ ਬੀਜਣ ਨੂੰ ਹੁਲਾਰਾ ਦਿੱਤਾ ਹੈ। ਇਸ ਨਾਲ ਕਿਸਾਨ ਦੀ ਆਮਦਨ ਤਾਂ ਭਾਵੇਂ ਵਧ ਜਾਵੇ ਪਰ ਪਾਣੀ ਦੀ ਬਰਬਾਦੀ ਤਾਂ ਹੁੰਦੀ ਹੈ। ਇਹ ਸਮਰਥਨ ਮੁੱਲ ਮੁੱਖ ਮੌਸਮ ਦੀ ਮੂੰਗੀ ਅਤੇ ਮੱਕੀ ਲਈ ਦੇਣਾ ਚਾਹੀਦਾ ਹੈ। ਪਾਣੀ ਬਾਰੇ ਕਿਸ ਵਿਦਵਾਨ ਨੇ ਤਾਂ ਇੱਥੇ ਤਕ ਲਿਖ ਦਿੱਤਾ ਹੈ ਕਿ 90% ਪਾਣੀ ਦੀ ਵਰਤੋਂ ਕਿਸਾਨ ਹੀ ਕਰਦੇ ਹਨ। ਸ਼ਾਇਦ ਉਹ ਭੁੱਲ ਗਿਆ ਕਿ ਕਿਸਾਨਾਂ ਦੇ 14 ਲੱਖ ਟਿਊਬਵੈੱਲ ਹਨ ਜਿਹੜੇ ਸਾਲ ਵਿੱਚ ਛੇ ਕੁ ਮਹੀਨੇ ਚੱਲਦੇ ਹਨ। ਗੈਰਕਿਸਾਨੀ ਖੇਤਰ ਵਿੱਚ 25 ਲੱਖ ਟਿਊਬਵੈਲ ਹਨ ਜਿਹੜੇ ਆਕਾਰ ਵਿਚ ਵੀ ਵੱਡੇ ਹਨ ਤੇ ਦਿਨ ਰਾਤ ਚਲਦੇ ਹਨ। ਘਰਾਂ ਵਿਚ ਪਾਣੀ ਦੀ ਵਰਤੋ ਸਮੇਂ ਕੋਈ ਸੰਜਮ ਨਹੀਂ ਵਰਤਿਆ ਜਾਂਦਾ।

ਅੱਧੀ ਸਦੀ ਪਹਿਲਾਂ, ਜਦੋਂ ਸੂਬੇ ਦੀ ਆਬਾਦੀ ਇਕ ਕਰੋੜ ਤੋਂ ਘੱਟ ਸੀ ਤਾਂ ਪਾਣੀ ਦੀ ਵਰਤੋਂ ਸੰਜਮ ਨਾਲ ਕੀਤੀ ਜਾਂਦੀ ਸੀ। ਘਰ ਵਿਚ ਸਾਰੇ ਦਿਨ ਵਿਚ ਮਸਾਂ ਤਿੰਨ ਚਾਰ ਘੜੇ ਪਾਣੀ ਦੀ ਵਰਤੋਂ ਹੁੰਦੀ ਸੀ। ਮਰਦ ਸਾਰੇ ਖੂਹਾਂ 'ਤੇ ਜਾ ਕੇ ਨਹਾਉਂਦੇ ਸਨ ਤੇ ਔਰਤਾਂ ਇਕ ਬਾਲਟੀ ਨਾਲ ਨਹਾ ਲੈਂਦੀਆਂ ਸਨ। ਹੁਣ ਆਬਾਦੀ ਤਿੰਨ ਕਰੋੜ ਹੋਣ ਵਾਲੀ ਹੈ। ਘਰਾਂ ਵਿਚ ਟੂਟੀਆਂ, ਫਲੱਸ਼, ਬਾਥਰੂਮ, ਧੋ ਧੁਆਈ ਤੇ ਗੱਡੀਆਂ ਦੀ ਧੁਆਈ ਲਈ ਪਾਣੀ ਦੀ ਅੰਨੇਵਾਹ ਬਰਬਾਦੀ ਕੀਤੀ ਜਾ ਰਹੀ ਹੈ। ਇਸ ਨੂੰ ਰੋਕਣ ਦੀ ਲੋੜ ਹੈ ਕਿਉਂਕਿ ਬਰਬਾਦੀ ਗੈਰਖੇਤੀ ਖੇਤਰ ਵਿਚ ਹੁੰਦੀ ਹੈ ਤੇ ਸਜ਼ਾ ਕਿਸਾਨ ਨੂੰ ਭੁਗਤਣੀ ਪੈਂਦੀ ਹੈ। ਇਵੇਂ ਹੀ ਘਰਾਂ, ਕਾਰਾਂ, ਦੁਕਾਨਾਂ, ਦਫ਼ਤਰਾਂ ਸਭ ਥਾਈਂ ਏ.ਸੀ ਲੱਗੇ ਹਨ। ਇਸ ਨਾਲ ਆਲਮੀ ਤਪਸ਼ ਵਿਚ

ਵਾਧਾ ਹੋ ਰਿਹਾ ਹੈ। ਨੁਕਸਾਨ ਕਿਸਾਨ ਦਾ ਹੋ ਰਿਹਾ ਹੈ। ਇਸ ਵਾਰ ਕਣਕ ਦੇ ਘਟੇ ਝਾੜ ਦਾ ਇਹੋ ਕਾਰਨ ਹੈ।

ਜੇ ਪਾਣੀ ਦੀ ਬਚਤ ਕਰਨੀ ਹੈ ਤਾਂ ਇਸ ਪਾਸੇ ਸੰਜੀਦਾ ਯਤਨ ਹੋਣ ਚਾਹੀਦੇ ਹਨ। ਘਰਾਂ ਵਿਚ ਪਾਣੀ ਦੇ ਮੀਟਰ ਲਗਾਏ ਜਾਣ ਤੇ ਮਿੱਥੇ ਸਮੇਂ ਤੇ ਹੀ ਪਾਣੀ ਦਿੱਤਾ ਜਾਵੇ। ਕਿਸਾਨ ਤੋਂ ਮੱਕੀ, ਦਾਲਾਂ ਦੀ ਖਰੀਦ ਕੀਤੀ ਜਾਵੇ ਤਾਂ ਜੋ ਉਹ ਉੱਚੀਆਂ ਤੇ ਰੇਤਲੀਆਂ ਧਰਤੀਆਂ ਵਿਚ ਝੋਨੇ ਦੀ ਖੇਤੀ ਨਾ ਕਰੇ। ਧਰਤੀ ਹੇਠ ਪਾਣੀ ਭੇਜਣ ਲਈ ਇਮਾਨਦਾਰੀ ਨਾਲ ਯਤਨ ਕੀਤੇ ਜਾਣ। ਧਰਤੀ ਹੇਠ ਪਾਣੀ ਦਾ ਕੋਈ ਭੰਡਾਰ ਨਹੀਂ, ਇਹ ਤਾਂ ਬਰਸਾਤ ਤੇ ਦਰਿਆਵਾਂ ਰਾਹੀ ਭੰਡਾਰ ਬਣਾਇਆ ਜਾਂਦਾ ਹੈ। ਮਾਲਵੇ ਦੇ ਬਹੁਤੇ ਇਲਾਕੇ ਵਿਚ ਤਾਂ ਹੁਣ ਵੀ ਪੀਣ ਵਾਲਾ ਸ਼ੁੱਧ ਪਾਣੀ ਨਹੀਂ ਮਿਲਦਾ। ਜਦੋਂ ਸਿੰਜਾਈ ਹਲਟਾਂ ਨਾਲ ਹੁੰਦੀ ਸੀ ਉਦੋਂ ਵੀ ਗਰਮੀਆਂ ਵਿਚ ਖੂਹਾਂ ਦਾ ਪਾਣੀ ਹੇਠਾਂ ਚਲਾ ਜਾਂਦਾ ਸੀ ਤੇ ਵਾਧੂ ਟਿੰਡਾਂ ਪਾਉਣੀਆਂ ਪੈਂਦੀਆਂ ਸਨ। ਕਈ ਵਾਰ ਤਾਂ ਖੂਹ ਸੁੱਕ ਜਾਂਦੇ ਸਨ ਤੇ ਮੀਂਹ ਪੈਣ ਨਾਲ ਮੁੜ ਭਰ ਜਾਂਦੇ ਸਨ। ਪੰਜਾਬ ਵਿਚ ਪ੍ਰਤਾਪ ਸਿੰਘ ਕੈਰੋਂ ਨੇ ਇਸ ਸਮੱਸਿਆ ਦੇ ਹੱਲ ਲਈ ਪੰਜਾਬ ਦੇ ਲਗਭਗ ਹਰ ਖੇਤ ਤੱਕ ਨਹਿਰੀ ਪਾਣੀ ਪਹੁੰਚਾਇਆ ਸੀ।

ਇਹਨਾਂ ਨਹਿਰਾਂ ਦੀ ਬਦੌਲਤ ਹੀ ਧਰਤੀ ਹੇਠ ਪਾਣੀ ਦੇ ਭੰਡਾਰ ਵਿਚ ਵਾਧਾ ਹੋਇਆ ਸੀ। ਜੇ ਟਿਊਬਵੈੱਲ ਨਾ ਲਗਦੇ ਤਾਂ ਪੰਜਾਬ ਦੇ ਬਹੁਤੇ ਹਿੱਸੇ ਵਿਚ ਸੇਮ ਹੋ ਜਾਣੀ ਸੀ। ਹੁਣ ਵੀ ਸਾਨੂੰ ਨਹਿਰਾਂ ਤੇ ਖਾਲ਼ੇ ਬਰਸਾਤ ਤੋਂ ਪਹਿਲਾਂ ਸਾਫ਼ ਕਰਵਾ ਕੇ ਪਾਣੀ ਨਾਲ ਭਰਨੇ ਚਾਹੀਦੇ ਹਨ। ਬਰਸਾਤ ਵਿਚ ਦਰਿਆ ਪਾਣੀ ਨਾਲ ਭਰ ਜਾਂਦੇ ਹਨ। ਇਸ ਕਰਕੇ ਸਾਰੀਆਂ ਨਹਿਰਾਂ ਵਿਚ ਪਾਣੀ ਛੱਡਿਆ ਜਾ ਸਕਦਾ ਹੈ। ਪਹਿਲਾਂ ਸਾਰੇ ਪਿੰਡਾਂ ਤੇ ਸ਼ਹਿਰਾਂ ਵਿਚ ਟੋਭੇ ਤੇ ਤਲਾਬ ਹੁੰਦੇ ਸਨ। ਸੜਕਾਂ ਵੀ ਕੱਚੀਆਂ ਸਨ। ਇੰਝ ਪਾਣੀ ਧਰਤੀ ਹੇਠ ਚਲਾ ਜਾਂਦਾ ਸੀ। ਹੁਣ ਟੋਭੇ ਪੂਰ ਦਿੱਤੇ ਗਏ ਹਨ, ਸੜਕਾਂ ਪੱਕੀਆ ਹੋ ਗਈਆਂ ਹਨ। ਬਰਸਾਤੀ ਪਾਣੀ ਧਰਤੀ ਹੇਠ ਭੇਜਣ ਲਈ ਸਰਕਾਰ ਨੂੰ ਵਿਸ਼ੇਸ਼ ਪ੍ਰੋਗਰਾਮ ਉਲੀਕਣੇ ਚਾਹੀਦੇ ਹਨ। ਟੋਭਿਆਂ ਨੂੰ ਮੁੜ ਸੁਰਜੀਤ ਕਰਨ ਦੀ ਲੋੜ ਹੈ।

ਹੁਣ ਪਾਣੀ ਦੇ ਗੰਦੇ ਹੋਣ ਬਾਰੇ ਚਰਚਾ ਕਰਦੇ ਹਾਂ। ਇਸ ਦਾ ਦੋਸ਼ੀ ਵੀ ਕਿਸਾਨ ਨੂੰ ਹੀ ਬਣਾਇਆ ਜਾ ਰਿਹਾ ਹੈ। ਇਸ ਵਿਚ ਕੋਈ ਸ਼ੱਕ ਨਹੀਂ ਕਿ ਖੇਤੀ ਵਿਚ ਜ਼ਹਿਰਾਂ ਦੀ ਵਰਤੋ ਘਟ ਕਰਨ ਦੀ ਲੋੜ ਹੈ ਪਰ ਇਹ ਪਾਣੀ ਵਿਚ ਘੁਲਦੀਆਂ ਨਹੀਂ। ਪਾਣੀ ਨੂੰ ਤਾਂ ਸ਼ਹਿਰੀ ਲੋਕ ਗੰਦਾ ਕਰਦੇ ਹਨ। ਲੁਧਿਆਣੇ ਕੋਲ ਵਗਦਾ ਬੁੱਢਾ ਦਰਿਆ ਗੰਦਾ ਨਾਲ਼ਾ ਬਣ ਗਿਆ ਹੈ। ਇਹ ਜ਼ਹਿਰੀਲਾ ਪਾਣੀ ਸਤਲੁਜ ਵਿੱਚ ਪੈਂਦਾ ਹੈ ਤੇ ਉੱਥੋਂ ਨਹਿਰਾਂ ਰਾਹੀਂ ਮਾਲਵੇ ਤੇ ਰਾਜਸਥਾਨ ਨੂੰ ਜਾਂਦਾ ਹੈ। ਲੋਕ ਇਹੀ ਜ਼ਹਿਰੀਲਾ ਪਾਣੀ ਪੀਂਦੇ ਹਨ। ਇਸ ਇਲਾਕੇ ਨੂੰ ਕੈਂਸਰ ਪੱਟੀ ਇਸੇ ਪਾਣੀ ਨੇ ਬਣਾਇਆ ਹੈ। ਅੱਧੀ ਸਦੀ ਤੋਂ ਰੌਲ਼ਾ ਪੈ ਰਿਹਾ ਹੈ ਪਰ ਅਜੇ ਤਕ ਇਸ ਗੰਦੇ ਪਾਣੀ ਨੂੰ ਸਤਲੁਜ ਵਿਚ ਜਾਣ ਤੋਂ ਰੋਕਿਆ ਨਹੀਂ ਗਿਆ। ਇਸ ਨੂੰ ਸਾਫ਼ ਕਰਕੇ ਸਿੰਜਾਈ ਲਈ ਵਰਤਣ ਦਾ ਕੋਈ ਯਤਨ ਨਹੀਂ ਹੋਇਆ। ਬਹੁਤੇ ਘਰਾਂ ਵਿਚ ਗਰਕੀ ਟੁੱਟੀਆਂ ਹਨ, ਇਹ ਸਾਰਾ ਗੰਦ ਧਰਤੀ ਹੇਠ ਪਾਣੀ ਨੂੰ ਗੰਦਾ ਕਰਦਾ ਹੈ। ਬਹੁਤੀਆਂ ਫੈਕਟਰੀਆਂ ਦਾ ਗੰਦਾ ਪਾਣੀ ਇਵੇਂ ਹੀ ਧਰਤੀ ਹੇਠ ਭੇਜਿਆ ਜਾਂਦਾ ਹੈ। ਇਸ ਬਾਰੇ ਕਦੇ ਚਰਚਾ ਨਹੀਂ ਹੋਈ।

ਜੇ ਅਸੀਂ ਸੱਚਮੁੱਚ ਚਾਹੁੰਦੇ ਹਾਂ ਕਿ ਪਾਣੀ ਦੀ ਬਚਤ ਹੋਵੇ ਤੇ ਇਸ ਨੂੰ ਗੰਦਾ ਹੋਣ ਤੋਂ ਰੋਕਿਆਂ ਜਾਵੇ ਤਾਂ ਸਰਕਾਰ ਤੇ ਲੋਕਾਂ ਦੇ ਸਹਿਯੋਗ ਨਾਲ ਕਾਰਜਕਾਰੀ ਯੋਜਨਾ ਬਣਾਈ ਜਾਵੇ ਤੇ ਉਸ ਉਤੇ ਸੰਜੀਦਗੀ ਨਾਲ ਯਤਨ ਕੀਤੇ ਜਾਣ। ਕੇਵਲ ਕਿਸਾਨਾਂ ਦੇ ਸਿਰ ਦੋਸ਼ ਮੜ੍ਹਨ ਨਾਲ ਕੋਈ ਸੁਧਾਰ ਨਹੀਂ ਹੋਵੇਗਾ। ਕਿਸਾਨ ਦੀ ਤਾਂ ਵਾਹੀ ਹੇਠ ਧਰਤੀ ਹਰ ਸਾਲ ਘਟ ਰਹੀ ਹੈ ਤੇ ਅਸੀਂ ਉਸ ਨੂੰ ਖਾਲੀ ਰੱਖਣ ਦੀ ਸਲਾਹ ਦੇ ਰਹੇ ਹਾਂ। ਇਹ ਸੰਭਵ ਨਹੀਂ ਹੋਵੇਗਾ। ਸਾਨੂੰ ਸਾਰਿਆਂ ਨੂੰ ਆਪਣੇ ਅੰਦਰ ਝਾਤ ਮਾਰਨੀ ਚਾਹੀਦੀ ਹੈ। ਕਿਸਾਨ ਜਥੇਬੰਦੀਆਂ ਦਾ ਵੀ ਫਰਜ਼ ਬਣਦਾ ਹੈ ਕਿ ਨਹਿਰੀ ਪ੍ਰਬੰਧ ਨੂੰ ਮੁੜ ਚਾਲੂ ਕਰਵਾਉਣ। ਇਸ ਨਾਲ ਜਿਥੇ ਧਰਤੀ ਹੇਠ ਪਾਣੀ ਜਾਏਗਾ ਉੱਥੇ ਟਿਊਬਵੈਲਾਂ ਦੀ ਵਰਤੋਂ ਘਟ ਜਾਏਗੀ। ਪਾਣੀ ਤੇ ਬਿਜਲੀ ਦੀ ਬਚਤ ਹੋਵੇਗੀ। ਘਟ ਰਹੇ ਪਾਣੀ ਅਤੇ ਵਧ ਰਹੀ ਆਲਮੀ ਤਪਸ਼ ਦਾ ਸਭ ਤੋਂ ਵੱਧ ਨੁਕਸਾਨ ਕਿਸਾਨਾਂ ਨੂੰ ਹੀ ਹੋਵੇਗਾ। ਕਿਸਾਨ ਜਥੇਬੰਦੀਆਂ ਸਰਕਾਰ ਨੂੰ ਇਸ ਪਾਸੇ ਫੌਰੀ ਕਦਮ ਚੁੱਕਣ ਲਈ ਮਜ਼ਬੂਰ ਕਰ ਸਕਦੀਆਂ ਹਨ। ਅਜਿਹਾ ਕੀਤਿਆਂ ਕਿਸਾਨਾਂ ਦੇ ਹੱਕਾਂ ਦੀ ਸਭ ਤੋਂ ਵਧੀਆ ਢੰਗ ਨਾਲ ਰਾਖੀ ਹੋ ਸਕੇਗੀ।

❊ ❊ ❊ ❊ ❊

## ਸ਼ਰਧਾਂਜਲੀਆਂ



**ਸ਼੍ਰੀ ਬਿਕਰਮ ਸਿੰਘ ਮੁੰਦਰਾ** ਹਵੇਲੀ ਕਲਾਂ (ਰੂਪਨਗਰ) ਵਾਸੀ ਨੋਟਿੰਘਮ (ਯੂ.ਕੇ.) ਜੋ ਕਿ 11 ਫਰਵਰੀ 2023 ਨੂੰ ਸਵਰਗਵਾਸ ਹੋ ਗਏ ਹਨ।



**ਸ. ਪ੍ਰੀਤਮ ਸਿੰਘ ਡਾਂਗੀ** ਵਾਸੀ ਹਵੇਲੀ ਕਲਾਂ (ਰੂਪਨਗਰ) ਜੋ ਕਿ 17 ਮਾਰਚ 2023 ਨੂੰ ਅਕਾਲ ਚਲਾਣਾ ਕਰ ਗਏ ਹਨ।

ਪ੍ਰਮਾਤਮਾ ਇਨ੍ਹਾਂ ਵਿਛੜੀਆਂ ਰੂਹਾਂ ਨੂੰ ਆਪਣੇ ਚਰਨਾਂ ਵਿੱਚ ਨਿਵਾਸ ਬਖਸ਼ੇ। ਸੈਣੀ ਭਵਨ ਰੂਪਨਗਰ ਦੇ ਪ੍ਰਬੰਧਕ ਇਨ੍ਹਾਂ ਦੇ ਪਰਿਵਾਰਾਂ ਨਾਲ ਅਫ਼ਸੋਸ ਪ੍ਰਗਟ ਕਰਦੇ ਹਨ।



## NEW FIVE YEAR MEMBERS OF "SAINI SANSAR"

Compiled by
Jagdev Singh
Saini Bhawan, Rupnagar
Continued from page 14 of 47th Issue

1063. **S. Gurdip Singh**
# 4754-A, Guru Nanakwara. Amritsar
1064. **S. Rajinder Singh Malwa**
Vill Perozepur, Distt. Ropar
1065. **S. Kuldip Singh**
Near Canara Bank, Kurali
1066. **Smt. Surinder Kaur**
MIG-110, Sec. 3, Saket Nagar, Bhopal
1067. **Smt. Rachhpal Kaur**
Vill. Lasara, Distt. Jalandhar
1068. **S. Joginder Singh Diwana**
#7A, Watewrside Oliver-PA, Newzea
1069. **S. Puran Singh**
# 67, Solomen Street, Newzealand
1070. **S. Tarlochan Singh**
3B1, Mohali
1071. **S. Kuljinder Singh**
# 474, 3A1, Mohali
1072. **S. Kulbir Singh**
VPO Jattana, The CMKS, Ropar
1073. **S. Surmukh Singh**
Vill. Parhi, PO Mianpur, Distt.Ropar
1074. **S. Joginder Singh**
Dillma Vihar, Rajpura, Distt. Patiala
1075. **S. Gurmail Singh**
# 3, Dashmesh Nagar, Ropar
1076. **S. Parmjit Singh**
# 4, Riley Street, Australia1073.
**1077** **S. Gagandeep Singh**
VPO Khizerabad, Distt.Mohali
1078. **S. Parminder Singh**
Model Town Kalam Road, Nawanshar
1079. **S. Harbans Singh**
# 36, Malhotra Colony, Ropar
1080 **Sub. Manjit Singh**
VPO Panjaur, Distt. Hoshiarpur
1081. **S. Naher Singh**
# 61, Dashmesh Nagar, Ropar
1082. **S. Mann Singh**
Mumbai
1083. **Bawa Parmjit Singh**
SCF 2, Suncity, Ropar
1084. **S. Kuldip Singh**
# 59, Ranjit Avenue, Ropar

❊ ❊ ❊ ❊ ❊



## The Land Of Five Rivers

Dr.Jaspal Singh
(Saini) , Hoshiarpur

During harvesting season, smoke and fog fuse
Resembling beasts of the underworld let loose.
Widespread blaze replicate broad gaping hell
Hades on the kill: as man from grace has fell.

Land of saints is on the burning funeral pyre
Not the prosperous land of the heart's desire.
The wonderful plains in the holocaust withers
A metamorphosis of sacred land of five rivers!

Dark black fields, charred and consumed by fire
Witnessed by the sad sick eyes of the supplier.
The ground with harvest that yesterday swelled
Looks more horrific than lowest circles of hell.

Swiftly does gigantic blaze grow and expand
Destruction none ever will be able to withstand.
Gargantuan gloom covers the entire fertile land
Much for the man and the land now to understand.
Darkness of the white for some to provide delight

Stripping the might of youth, bold and upright.
Wailing mothers for dead sons, eaten up by blight
The whole landscape turns to a pathetic sight.
Birds migrate, seeking new homelands, depart
From the glorious land of mighty brave hearts.

Mob. : 98554-53872

❊ ❊ ❊ ❊ ❊

# ਸਰਪੰਚ ਕੁਲਵਿੰਦਰ ਕੌਰ

ਰਜਿੰਦਰ ਸੈਣੀ



ਮਹਿਲਾ ਸਸ਼ਕਤੀਕਰਣ ਦੀ ਪ੍ਰਤੀਕ, ਜ਼ਿਲ੍ਹਾ ਰੂਪਨਗਰ ਦੇ ਪਿੰਡ ਮਲਿਕਪੁਰ ਦੀ 2018 'ਚ ਸਰਬਸੰਮਤੀ ਨਾਲ ਚੁਣੀ ਗ੍ਰੈਜੂਏਟ ਸਰਪੰਚ ਕੁਲਵਿੰਦਰ ਕੌਰ ਪਤਨੀ ਪਰਮਜੀਤ ਸਿੰਘ ਨੇ ਪਿੰਡ ਦੇ ਵਿਕਾਸ 'ਤੇ ਲਗਭਗ 80-90 ਲੱਖ ਰੁਪਏ ਖਰਚ ਕਰਕੇ ਸਮੁੱਚੇ ਪਿੰਡ ਦੀ ਨੁਹਾਰ ਹੀ ਬਦਲ ਦਿੱਤੀ ਹੈ। ਉਸ ਨੇ ਇਹ ਸਭ ਕੁਝ ਸਾਥੀ ਗ੍ਰਾਮ ਪੰਚਾਇਤ ਮੈਂਬਰਾਂ ਅਤੇ ਪਿੰਡ ਵਾਸੀਆਂ ਦੇ ਭਰਪੂਰ ਸਹਿਯੋਗ ਸਦਕਾ ਸਰਕਾਰੀ ਗ੍ਰਾਂਟਾਂ ਅਤੇ ਪਿੰਡ ਦੇ ਐਨਆਰਆਈ ਦਾਨਵੀਰਾਂ ਦੀ ਮਦਦ ਨਾਲ ਕਰ ਵਿਖਾਇਆ ਹੈ। ਉਸ ਦੀ ਪਿੰਡ ਪ੍ਰਤੀ ਅਪਣਾਈ ਗਈ ਉਸਾਰੂ ਸੋਚ ਸਦਕਾ ਹੁਣ ਪਿੰਡ ਵਾਸੀ ਆਪ ਮੁਹਾਰੇ ਪਿੰਡ ਨੂੰ ਸਵੱਛ, ਨਸ਼ਾ ਮੁਕਤ, ਹਰਿਆ ਭਰਿਆ ਅਤੇ ਹਰ ਖੇਤਰ ਵਿੱਚ ਨਵੀ ਦਿਖ ਦੇਣ ਲਈ ਅੱਗੇ ਆ ਰਹੇ ਹਨ। ਭਾਈਚਾਰਕ ਸਾਂਝ ਕਾਰਨ ਕਰੀਬ 2200 ਦੀ ਆਬਾਦੀ ਵਾਲੇ ਅੱਠ ਮੈਂਬਰੀ ਗ੍ਰਾਮ ਪੰਚਾਇਤ ਵਾਲੇ ਪਿੰਡ 'ਚ ਵਿਕਾਸ ਦਾ ਅਜਿਹਾ ਹੜ੍ਹ ਆਇਆ ਹੈ ਕਿ ਸਰਪੰਚ ਕੁਲਵਿੰਦਰ ਕੌਰ ਤੇ ਪੰਚਾਇਤ ਨੂੰ ਵੱਖ ਵੱਖ ਮੰਚਾਂ ਤੇ ਸਨਮਾਨ ਪ੍ਰਾਪਤ ਹੋਏ ਹਨ। ਮਹਿਲਾ ਦਿਵਸ ਤੇ ਪਿੰਡ ਦੀ ਸਰਪੰਚ ਕੁਲਵਿੰਦਰ ਕੌਰ ਨੂੰ ਪੰਜਾਬ ਦੇ ਸੈਨੀਟੇਸ਼ਨ ਐਂਡ ਵਾਟਰ ਸਪਲਾਈ ਵਿਭਾਗ ਵਲੋਂ ਵਿਸ਼ੇਸ਼ ਤੌਰ 'ਤੇ ਸਨਮਾਨਿਤ ਕੀਤਾ ਗਿਆ। ਉਸ ਨੂੰ ਕਰੋਨਾ ਲਈ ਯੋਗ ਪ੍ਰਬੰਧ ਕਰਨ ਲਈ ਜ਼ਿਲ੍ਹਾ ਪੱਧਰੀ ਸਮਾਗਮ ਦੌਰਾਨ ਮਹਿਲਾ ਦਿਵਸ ਮੌਕੇ ਸਨਮਾਨ ਪ੍ਰਾਪਤ ਹੋਇਆ ਹੈ।

ਸਰਪੰਚ ਕੁਲਵਿੰਦਰ ਕੌਰ ਨੇ ਦੱਸਿਆ ਕਿ ਪਿੰਡ ਵਾਸੀ ਪਿੰਡ ਨੂੰ ਸੁੰਦਰ ਬਣਾਉਣ ਲਈ ਪੂਰਨ ਸਹਿਯੋਗ ਦੇ ਰਹੇ ਹਨ। ਉਨ੍ਹਾਂ ਕਿਹਾ ਕਿ ਸਭ ਤੋਂ ਪਹਿਲਾ ਪਿੰਡ 'ਚ ਸਵੱਛ ਭਾਰਤ ਮੁਹਿਮ ਤਹਿਤ ਮਹਿਲਾ ਮੰਡਲ, ਗੁਰਦੁਆਰਾ ਪ੍ਰਬੰਧਕ ਕਮੇਟੀ, ਸਮੂਹ ਨੰਬਰਦਾਰਾਂ ਤੇ ਨੌਜਵਾਨਾਂ ਦੇ ਸਹਿਯੋਗ ਨਾਲ ਸਫ਼ਾਈ ਅਤੇ ਸਮਾਜਿਕ ਅਲਾਮਤ ਾਂ ਬਾਰੇ ਜਾਗਰੂਕਤਾ ਰੈਲੀ ਕੱਢੀ ਗਈ। ਦੂਜਾ ਨਸ਼ਿਆਂ ਨੂੰ ਨਕੇਲ ਪਾਉਣ ਦਾ ਐਲਾਨ ਕੀਤਾ। ਹੁਣ ਕੋਈ ਵੀ ਵਿਅਕਤੀ ਗਲੀ, ਮੁਹੱਲੇ, ਸਾਂਝੀ ਥਾਂ 'ਤੇ ਕਿਸੇ ਕਿਸਮ ਦੇ ਨਸ਼ੇ ਦਾ ਸੇਵਨ ਨਹੀਂ ਕਰ ਸਕਦਾ। ਇਸ ਸਬੰਧੀ ਥਾਂ ਥਾਂ ਸਲੋਗਨ ਲਿਖਵਾਏ ਗਏ ਹਨ। ਕੂੜਾ ਸੁਟੱਣ ਦੇ ਉਚੇਚੇ ਪ੍ਰਬੰਧ ਕੀਤੇ ਗਏ। ਪਿੰਡ ਦੇ ਗੰਦੇ ਪਾਣੀ ਦੀ ਨਿਕਾਸੀ, ਗੰਦਗੀ ਦੇ ਢੇਰ ਹਟਾਉਣ, ਡਸਟਬਿਨ ਲਗਾਏ, 6 ਪਬਲਿਕ ਟਾਇਲੇਟ ਬਣਾਏ, ਸਵਾਗਤੀ ਗੇਟਾਂ ਦੀ ਉਸਾਰੀ, ਹਰ ਘਰ ਅੱਗੇ ਨੇਮ ਪਲੇਟਾਂ, ਸ਼ਮਸ਼ਾਨ ਘਾਟ ਨੂੰ ਨਵੀਂ ਦਿੱਖ, ਸੌਲਿਡ ਵੇਸਟ ਦਾ ਪ੍ਰਬੰਧ, ਮੈਡੀਕਲ ਕੈਂਪਾ ਦਾ ਆਯੋਜਨ, ਖ਼ੂਨਦਾਨ ਕੈਂਪ, ਹਰ ਸਾਲ ਧੀਆਂ ਦਾ ਮੇਲਾ, ਪਿੰਡ 'ਚ ਸਟਰੀਟ ਲਾਇਟਾਂ ਦਾ ਪ੍ਰਬੰਧ, ਬੈਂਚ ਆਦਿ ਕਾਰਜ਼ ਕੀਤੇ ਹਨ। ਪਿੰਡ 'ਚ ਕੋਈ ਅਣਸੁਖਾਵੀ ਘਟਨਾ ਨਾ ਵਾਪਰੇ ਤਾ ਖਤਰਨਾਕ ਮੋੜਾਂ 'ਤੇ ਸ਼ੀਸ਼ੇ ਅਤੇ ਹਰੇਕ ਗਲੀ 'ਚ 100 ਸੀਸੀਟੀਵੀ ਕੈਮਰੇ ਲਗਾਏ ਗਏ, ਹਰ ਘਰ ਨੂੰ ਸਵੇਰੇ ਸ਼ਾਮ ਗੁਰਦੁਆਰਾ ਸਾਹਿਬ 'ਚ ਹੋਣ ਵਾਲੇ ਪਾਠ ਅਤੇ ਕੀਰਤਨ ਸਰਵਣ ਕਰਾਉਣ ਲਈ ਪਿੰਡ 'ਚ 60 ਛੋਟੇ ਸਪੀਕਰ ਲਗਾਏ ਗਏ ਹਨ। ਪਿੰਡ 'ਚ ਚਾਰ ਥਾਵਾਂ 'ਤੇ ਪਾਰਕਾਂ ਦੀ ਉਸਾਰੀ ਕਰਵਾਈ ਗਈ ਹੈ, ਟੋਬੇ ਦੀ ਸਫ਼ਾਈ ਤੇ ਖੂਹ ਨੂੰ ਪੱਕਾ ਕਰਕੇ ਸੁੰਦਰ ਦਿੱਖ ਦਿੱਤੀ ਗਈ ਹੈ। ਪਿੰਡ 'ਚ ਸਭ ਤੋਂ ਵੱਧ ਆਪਸੀ ਭਾਈਚਾਰੇ ਨੂੰ ਮਜ਼ਬੂਤ ਰੱਖਣ 'ਤੇ ਧਿਆਨ ਦਿੱਤਾ ਜਾਂਦਾ ਹੈ, ਨੌਜਵਾਨਾਂ 'ਚ ਏਕਤਾ ਦੀ ਭਾਵਨਾ ਦਾ ਜਜ਼ਬਾ ਕਾਇਮ ਰੱਖਣ ਲਈ ਸਾਲ 'ਚ ਦੋ ਵਾਰ ਫੁਟਵਾਲ ਟੂਰਨਾਮੈਂਟ ਕਰਵਾਇਆ ਜਾਂਦਾ ਹੈ। ਕਰੋਨਾ ਕਾਲ ਸਮੇਂ ਲੋਕ ਹਿੱਤ 'ਚ ਸਰਪੰਚ ਨੇ ਪਿੰਡ ਦੀ ਧਰਮਸਾਲਾ 'ਚ 20 ਬਿਸਤਰ ਲਗਾ ਕੇ ਇੱਕ ਕੁਆਰਟਾਇਨ ਸੈਂਟਰ ਦੀ ਸਥਾਪਨਾ ਕੀਤੀ ਸੀ। ਇਸ ਸਾਲ ਪੰਚਾਇਤ ਨੇ ਸਰਵਸੰਮਤੀ ਨਾਲ ਫੈਸਲਾ ਕੀਤਾ ਹੈ ਪਿੰਡ ਦਾ ਜੋ ਵਿਅਕਤੀ ਚਾਇਨਾ ਡੋਰ ਦੀ ਵਰਤੋਂ ਕਰੇਗਾ ਉਸ ਦੀ ਪੁਲਿਸ ਨੂੰ ਸ਼ਿਕਾਇਤ ਕੀਤੀ ਜਾਵੇਗੀ। ਹੁਣ ਇਸ ਪਿੰਡ 'ਚ ਲੋਕਾਂ ਦੀ ਸੁਵਿਧਾ ਲਈ ਕੰਮਪਿਊਟਰ ਲੈਬ, ਮੀਟਿੰਗ ਹਾਲ, ਮਹਿਲਾ ਮੰਡਲ, ਡਿਸਪੈਂਸਰੀ, ਆਯੁਰਵੈਦਿਕ ਡਿਸਪੈਂਸਰੀ, ਆਂਗਣਵਾੜੀ ਸੈਂਟਰ, ਜਿੰਮ, ਕਮਿਊਨਿਟੀ ਸੈਂਟਰ, ਡਾਕੂਮੈਂਟ ਸੈਂਟਰ, ਪਸ਼ੂ ਆਹਾਰ, ਮਿੰਨੀ ਹੈਲਥ ਸੈਂਟਰ, ਆਦਿ ਸੁਵਿਧਾਵਾਂ ਪ੍ਰਾਪਤ ਹਨ। ਇਸ ਪਿੰਡ ਨੂੰ ਲੋਕੀਂ ਮਿੰਨੀ ਸਕੱਤਰੇਤ ਵੀ ਆਖਦੇ ਹਨ। ਹੁਣ ਪਿੰਡ 'ਚ ਬਿਨਾਂ ਕਿਸੇ ਵਿਤਕਰੇ ਦੇ ਪਿੰਡ ਦਾ ਵਿਕਾਸ ਕਰਨ ਤੋਂ ਇਲਾਵਾ ਸਾਰੇ ਫ਼ੈਸਲੇ ਥਾਣੇ ਦੀ ਬਜਾਏ ਪੰਚਾਇਤ ਦੀ ਸੱਥ ਵਿੱਚ ਹੁੰਦੇ ਹਨ। ਉਨ੍ਹਾਂ ਦੱਸਿਆ ਕਿ ਪਿੰਡ ਦਾ ਹਰ ਇਕ ਵਿਅਕਤੀ ਵਾਤਾਵਰਣ ਨੂੰ ਸ਼ੁਧ ਰੱਖਣ ਲਈ ਆਪਣੇ ਜਨਮ ਦਿਨ 'ਤੇ ਰੁੱਖ ਲਗਾਉਣ ਦੀ ਆਪਣੀ ਜ਼ਿੰਮੇਵਾਰੀ ਨੂੰ ਨਿਭਾਉਂਦਾ ਹੈ। ਹੁਣ ਤੱਕ ਪੰਚਾਇਤ ਨੇ ਜੰਗਲ 'ਚ 7 ਹਜ਼ਾਰ ਅਤੇ ਪਿੰਡ 'ਚ 1000 ਤੋਂ ਜ਼ਿਆਦਾ ਬੂਟੇ ਲਗਾਏ ਹਨ।



ਸੈਣੀ ਬਰਾਦਰੀ ਨੂੰ ਬਰਾਦਰੀ ਦੀ ਧੀ ਕੁਲਵਿੰਦਰ ਕੌਰ ਵਲੋਂ ਪਿੰਡ ਦੀ ਸਰਪੰਚ ਬਣ ਕੇ ਕੀਤੇ ਮਿਸਾਲੀ ਕਾਰਜਾਂ 'ਤੇ ਮਾਣ ਮਹਿਸੂਸ ਹੋ ਰਿਹਾ ਹੈ। ਉਸ ਨੇ ਆਪਣੀ ਉਸਾਰੂ ਸੋਚ ਨਾਲ ਸਮਾਜ ਦੇ ਲੋਕਾਂ ਨੂੰ ਨੇਕ ਕਾਰਜ ਕਰਨ ਰਾਹ ਦਾ ਵਿਖਾਇਆ ਹੈ। ਉਸ ਨੂੰ ਅਦਾਰਾ ਸੈਣੀ ਭਵਨ ਰੂਪਨਗਰ ਵਲੋਂ ਬਹੁਤ ਬਹੁਤ ਵਧਾਈਆਂ।



# ਤਰਜੀਹ ਦਾ ਮਹੱਤਵ

**ਜਸਵੰਤ ਸਿੰਘ ਸੈਣੀ**
**ਰੋਪੜ**

ਬੰਦੇ ਨੂੰ ਅਪਣੀ ਜ਼ਿੰਦਗੀ ਬਤੀਤ ਕਰਦੇ ਹੋਏ ਅਪਣੀ ਰੋਜ਼ੀ ਰੋਟੀ ਦਾ ਜੁਗਾੜ ਬਣਾਉਣ ਦੀ ਲੋੜ ਪੈਂਦੀ ਹੈ। ਰੋਜ਼ੀ ਰੋਟੀ ਦਾ ਸਾਧਨ ਕੋਈ ਨਾ ਕੋਈ ਕੰਮ ਕਾਜ, ਕਾਰੋਬਾਰ ਜਾਂ ਨੌਕਰੀ ਪੇਸ਼ਾ ਹੁੰਦਾ ਹੈ। ਕੋਈ ਵੀ ਕੰਮ ਕਰਦਿਆਂ ਆਮ ਤੌਰ 'ਤੇ ਬੰਦੇ ਅੱਗੇ ਇਹ ਸੁਆਲ ਆ ਖਲੋਂਦਾ ਹੈ ਕਿ ਕੰਮ ਦੇ ਕਿੱਸ ਹਿੱਸੇ ਨੂੰ ਪਹਿਲ ਦਿੱਤੀ ਜਾਵੇ ਅਤੇ ਕਿਸ ਨੂੰ ਬਾਅਦ ਵਿੱਚ ਕੀਤਾ ਜਾਵੇ ਜਾਂ ਕਿਸ ਨੂੰ ਉੱਕਾ ਹੀ ਨਾ ਕੀਤਾ ਜਾਵੇ। ਜਿਹੜਾ ਕੰਮ ਪਹਿਲਾਂ ਕੀਤਾ ਜਾਂਦਾ ਹੈ ਉਸ ਚੋਣ ਨੂੰ ਹੀ ਤਰਜੀਹ ਦੇਣਾ ਜਾਂ ਪਹਿਲ ਦੇ ਅਧਾਰ ਤੇ ਕੀਤਾ ਜਾਣਾ ਕਿਹਾ ਜਾਂਦਾ ਹੈ ।

ਅਜੋਕੇ ਸਮੇ ਬਹੁਤ ਸਾਰੇ ਕੰਮਾਂ ਦੀ ਭਰਮਾਰ ਵਿਚਕਾਰ ਕਿਸੇ ਕੰਮ ਵਿਸ਼ੇਸ਼ ਨੂੰ ਤਰਜੀਹ ਦੇ ਕੇ ਕਰਨ ਦੀ ਮਹੱਤਤਾ ਬਹੁਤ ਵਧ ਗਈ ਹੈ। ਸਗੋਂ ਜੇਕਰ ਇਹ ਕਹਿ ਲਿਆ ਜਾਵੇ ਕਿ ਜ਼ਿੰਦਗੀ ਦੀ ਕਾਮਯਾਬੀ ਹੀ ਤੁਹਾਡੀਆਂ ਚੁਣੀਆਂ ਤਰਜੀਹਾਂ 'ਤੇ ਨਿਰਭਰ ਕਰਦੀ ਹੈ ਤਾਂ ਕੋਈ ਗਲਤਬਿਆਨੀ ਨਹੀਂ ਹੋਵੇਗੀ। ਸਹੀ ਤਰਜੀਹ ਦੀ ਚੋਣ ਪਿੱਛੇ ਤੁਹਾਡੀ ਨਿੱਜੀ ਸਿਆਣਪ ਅਤੇ ਜ਼ਿੰਦਗੀ ਦਾ ਅਨੁਭਵ ਕੰਮ ਕਰਦਾ ਹੈ। ਸਮੇ ਦੇ ਹਾਣੀ ਬਣਨ ਅਤੇ ਕਾਮਯਾਬ ਜ਼ਿੰਦਗੀ ਜੀਣ ਲਈ ਸਮਾ ਸਾਂਭਣ ਅਤੇ ਹਰ ਕੰਮ ਸਮੇ ਦੇ ਅਨੁਕੂਲ ਕਰਨ ਦੀ ਸਖਤ ਲੋੜ ਹੁੰਦੀ ਹੈ। ਜੇਕਰ ਤਰਜੀਹਾਂ ਜਾਂ ਪ੍ਰਾਥਮਿਕਤਾਵਾਂ ਸਮੇ ਦੇ ਅਨੁਕੂਲ ਨਾ ਹੋਣ ਤਾਂ ਤੁਹਾਡੇ ਮਿੱਥੇ ਟੀਚੇ ਤੁਹਾਥੋਂ ਸਦਾ ਲਈ ਮੂੰਹ ਮੋੜ ਸਕਦੇ ਹਨ। ਪ੍ਰਾਪਤੀਆਂ ਵੀ ਨਾਕਾਮੀਆਂ ਵਿੱਚ ਬਦਲ ਜਾਂਦੀਆਂ ਹਨ ਅਤੇ ਮਾਯੂਸੀ ਹੱਥ ਪੱਲੇ ਰਹਿ ਜਾਂਦੀ ਹੈ। ਨਿਕਲਿਆ ਵੇਲਾ ਮੁੜ ਹੱਥ ਨਹੀਂ ਆਉਂਦਾ। ਸੱਟ ਮਾਰਨ ਦਾ ਫ਼ਾਇਦਾ ਲੋਹਾ ਗਰਮ ਲਾਲ ਹੋਣ 'ਤੇ ਹੀ ਹੁੰਦਾ ਹੈ, ਠੰਡੇ ਲੋਹੇ 'ਤੇ ਸੱਟਾਂ ਮਾਰਨ ਨਾਲ ਲੋਹਾ ਲੋੜੀਂਦੀ ਸ਼ਕਲ ਅਖਤਿਆਰ ਨਹੀਂ ਕਰ ਸਕੇਗਾ। ਕਿਸੇ ਕੰਮ ਵਿਸ਼ੇਸ਼ ਨੂੰ ਪ੍ਰਾਥਮਿਕਤਾ ਦੇਣੀ ਬੜੀ ਸੋਚ ਸਮਝ ਦੀ ਮੰਗ ਕਰਦੀ ਹੈ ਅਤੇ ਇਹ ਹੋਵੇ ਵੀ ਤੁਰੰਤ ਅਤੇ ਬਗੈਰ ਵਕਤ ਜ਼ਾਇਆ ਕੀਤਿਆਂ।

ਤਰਜੀਹਾਂ ਦਾ ਸਿਲਸਿਲਾ ਛੋਟੇ ਤੋਂ ਲੈ ਕੇ ਵੱਡੇ ਤੱਕ ਸਾਰਿਆਂ 'ਤੇ ਲਾਗੂ ਹੁੰਦਾ ਹੈ ਅਤੇ ਇਹ ਜ਼ਿੰਦਗੀ ਭਰ ਬੰਦੇ ਦਾ ਇਮਤਿਹਾਨ ਲੈਂਦੀਆਂ ਰਹਿੰਦੀਆਂ ਹਨ। ਪੜ੍ਹਾਈ ਦੀ ਉਮਰ ਵਿੱਚ ਬੱਚੇ ਲਈ ਸਮੇ ਦੀ ਵੰਡ ਵਿੱਚ ਪੜ੍ਹਾਈ ਨੂੰ ਤਰਜੀਹ ਦੇਣ ਦੀ ਹੈ। ਧਾਰਮਿਕ ਪ੍ਰਵਿਰਤੀ ਦੇ ਵਿਅਕਤੀ ਦੀ ਪਹਿਲ ਇਬਾਦਤ ਲਈ ਸਮਾਂ ਕੱਢਣ ਦੀ ਹੈ। ਰੋਗੀ ਦੀ ਪਹਿਲ ਇਲਾਜ ਸਮੇ 'ਤੇ ਦੁਆਈ ਲੈਣ ਦੀ ਹੈ। ਇਸ ਤਰ੍ਹਾਂ ਬਹੁਤ ਸਾਰੇ ਦ੍ਰਿਸ਼ਟਾਂਤ ਦਿੱਤੇ ਜਾ ਸਕਦੇ ਹਨ। ਸਮੇ ਦੇ ਹਾਲਾਤ ਅਨੁਸਾਰ ਮਨੁੱਖ ਅਪਣਾ ਜੀਵਨ ਢਾਲਦਾ ਅਤੇ ਜਿਊਂਦਾ ਹੈ ਅਤੇ ਸਮੇ ਸਮੇ ਸਿਰ ਪ੍ਰਾਥਮਿਕਤਾਵਾਂ ਦੀ ਸਹੀ ਚੋਣ ਕਰਨੀ ਪੈਂਦੀ ਹੈ। ਤਰਜੀਹਾਂ ਬਚਪਨ, ਜੁਆਨੀ ਅਤੇ ਬੁਢਾਪੇ ਵੇਲੇ ਵੱਖਰੀਆਂ ਵੱਖਰੀਆਂ ਹੁੰਦੀਆਂ ਹਨ। ਤਰਜੀਹਾਂ ਕੰਮਾਂ ਦੀਆਂ ਅਤੇ ਉਨ੍ਹਾਂ ਦੇ ਸਮੇਂ ਦੀਆਂ ਵੀ ਹੁੰਦੀਆਂ ਹਨ।

ਬੀਤੇ ਸਮਿਆਂ ਵਿੱਚ ਬਹੁਤਾ ਕਰਕੇ ਮਨੁੱਖੀ ਜੀਵਨ ਸਰਲ ਅਤੇ ਸਹਿਜ ਚਾਲੇ ਚਲਦਾ ਹੁੰਦਾ ਸੀ। ਉਦੋਂ ਉਪਲਬਧ ਸਾਧਨਾਂ ਵਿੱਚ ਸਬਰ ਸੰਤੋਖ ਅਤੇ ਸੰਤੁਸ਼ਟ ਜੀਵਨ ਜੀਊਣਾ ਆਮ ਲੋਗਾਂ ਦੀ ਜੀਵਨ ਸ਼ੈਲੀ ਸੀ। ਅੱਜ ਦੀ ਤਰ੍ਹਾਂ ਉਦੋਂ ਅਣਗਿਣਤ ਲਾਲਸਾਵਾਂ ਹਾਵੀ ਨਹੀਂ ਸੀ ਹੁੰਦੀਆਂ। ਲੋਕੀਂ ਕੁਦਰਤ ਦੇ ਨਿਯਮਾਂ ਦੀ ਅਨੁਸਾਰਤਾ ਵਿੱਚ ਰਹਿ ਕੇ ਜ਼ਿੰਦਗੀ ਬਸਰ ਕਰਨ ਦਾ ਧਰਮ ਨਿਭਾਉਂਦੇ ਹੁੰਦੇ ਸਨ। ਉਦੋਂ ਇਖਲਾਕ ਈਮਾਨ ਨੂੰ ਧਨ ਦੌਲਤ ਤੋਂ ਕਿਤੇ ਵਧ ਸਮਝਿਆ ਜਾਂਦਾ ਸੀ। ਉਦੋਂ ਕਿਹੜੀ ਚੀਜ਼ ਪਹਿਲਾਂ ਕਰਨੀ ਹੈ ਜਾਂ ਕਿਹੜੀ ਬਾਅਦ ਵਿੱਚ ਇੱਕ ਵੱਡੀ ਸਿਰਦਰਦੀ ਨਹੀ ਸੀ ਹੁੰਦੀ। ਕੰਮ ਕਾਜ ਆਪ ਮੁਹਾਰੇ ਅੱਗੜ ਪਿੱਛੜ ਹੁੰਦੇ ਰਹਿੰਦੇ ਸਨ ।

ਪਰੰਤੂ ਬਦਲੇ ਜ਼ਮਾਨੇ ਵਿੱਚ ਪੈਸੇ ਦੀ ਦੌੜ ਜਾਂ ਪਦਾਰਥਵਾਦ ਹਾਵੀ ਹੋਣ ਨਾਲ ਸਮਾਜ ਵਿੱਚ ਹੜਕੰਪ ਜਿਹਾ ਮਚ ਗਿਆ ਅਤੇ ਇਛਾਵਾਂ ਦੀ ਪੂਰਤੀ ਪਹਿਲ ਦੇਣ ਤੇ ਜਾ ਟਿਕੀ ਹੈ। ਅੱਜ ਦਾ ਮਨੁੱਖ ਆਮ ਤੌਰ ਤੇ ਅਸੰਤੁਸ਼ਟ, ਅਸਹਿਜ ਅਤੇ ਰੁਝੇਵਿਆਂ ਭਰਪੂਰ ਵਿਖਾਈ ਦਿੰਦਾ ਹੈ। ਬੀਤੇ ਸਮਿਆਂ ਵਿੱਚ ਮਨੁੱਖ ਮਿੱਥੇ ਸਮੇ ਅਨੁਸਾਰ ਅਪਣੇ ਦਿਨ ਭਰ ਦੇ ਕੰਮ ਕਾਜ ਪੂਰੇ ਕਰ ਲੈਂਦਾ ਸੀ। ਸਮੇ ਦੀ ਘਾਟ ਕਾਰਣ ਕੋਈ ਕੰਮ ਪੂਰਾ ਨਾ ਹੋਣ ਦੀ ਗੱਲ ਸੁਨਣ ਵਿੱਚ ਨਹੀਂ ਸੀ ਆਉਂਦੀ। ਸਾਡੇ ਪੁਰਖੇ ਬੇਪਰਵਾਹ, ਮਸਤ ਅਤੇ ਫੱਕੜ ਪ੍ਰਵਿਰਤੀ ਦੇ ਧਾਰਨੀ ਹੁੰਦੇ ਸਨ। ਉਹ ਅਪਣੇ ਖ਼ੂਨ ਦੇ ਰਿਸ਼ਤੇ, ਸ਼ਰੀਕ ਪਰਿਵਾਰਾਂ, ਆਂਢ ਗੁਆਂਢ ਦੇ ਭਾਈਚਾਰੇ ਅਤੇ ਦੂਰ ਨੇੜਿਓਂ ਜਾਣ ਪਹਿਚਾਣ ਵਾਲੇ ਲੋਕਾਂ ਦੇ ਦੁੱਖ ਸੁੱਖ ਵੇਲੇ ਕੰਮ ਆਉਣਾ ਆਪਣਾ ਫਰਜ਼ ਸਮਝਦੇ ਸਨ। ਖਾਸ ਤੌਰ ਤੇ ਸਮਾਜ ਦਾ ਬਜ਼ੁਰਗ ਵਰਗ ਤਾਂ ਲੋਕਾਂ ਦੇ ਕੰਮ ਆਉਣ ਨੂੰ ਅਪਣੀ ਇਖਲਾਕੀ ਜ਼ਿੰਮੇਵਾਰੀ ਦੇ ਤੌਰ ਤੇ ਲੈਂਦਾ ਸੀ। ਲੋਕਾਂ ਵਿਚਕਾਰ ਜੇ ਕੋਈ ਵਖਰੇਵੇਂ ਵਾਲੀ ਗੱਲ ਹੋ ਜਾਂਦੀ ਸੀ ਹੋ ਤਾਂ ਬਜ਼ੁਰਗ ਇਸ ਨੂੰ ਸਹਿਜੇ ਹੀ ਸੁਲਝਾ ਲੈਂਦੇ ਸਨ ਕਿਉਂਕਿ ਬੁੱਢੇ ਬਜ਼ੁਰਗ ਨਿਰਪੱਖ, ਸੱਚੇ ਸੁੱਚੇ ਅਤੇ ਸਮਾਜ ਦੇ ਸਾਰੇ ਵਰਗਾਂ ਲਈ ਸਨਮਾਨਯੋਗ ਵਿਅਕਤੀ ਹੁੰਦੇ ਸਨ। ਸਮਾਜਿਕ ਮਸਲਿਆਂ ਨੂੰ ਨਜਿੱਠਣ ਲਈ ਉਦੋਂ ਖੁੱਲ੍ਹਾ ਸਮਾਂ ਹੁੰਦਾ ਸੀ। ਬੱਚਿਆਂ ਦਾ ਰਲ ਮਿਲ ਕੇ ਖੇਡਣਾ, ਜਵਾਨ ਕੁੜੀਆਂ ਮੁੰਡਿਆਂ ਦਾ ਆਪਣੇ ਆਪਣੇ ਹਾਣ ਪਰਵਾਣ ਨੂੰ ਖੁੱਲ੍ਹਾ ਮਿਲਣਾ ਜੁਲਣਾ, ਘਰੇਲੂ ਕੰਮ ਕਾਜ ਕਰਨੇ, ਗੱਪਾਂ ਮਾਰਨੀਆਂ ਅਤੇ ਤਿਓਹਾਰਾਂ ਦੇ ਮੌਕੇ ਇਕੱਠੇ ਰੰਗ ਰਲੀਆਂ ਮਨਾਉਣਾ ਸਮਾਜ ਵਿੱਚ ਆਮ ਰਿਵਾਜ ਸੀ। ਉਦੋਂ ਸਮੇ ਦੀ

ਘਾਟ ਅਤੇ ਤਰਜੀਹਾਂ ਦਾ ਵੱਡਾ ਮਸਲਾ ਨਹੀਂ ਸੀ ਹੁੰਦਾ ।

ਪਰੰਤੂ ਪਦਾਰਥਵਾਦੀ ਯੁੱਗ ਆਉਣ ਨਾਲ ਸਮੇ ਦੀ ਘਾਟ ਦੀ ਸ਼ਿਕਾਇਤ ਦਾ ਰਿਵਾਜ ਹੀ ਜਿਵੇਂ ਪੈ ਗਿਆ ਹੋਵੇ। ਨਿੱਜੀ ਇਛਾਵਾਂ, ਲਾਲਸਾਵਾਂ ਅਤੇ ਰੁਝੇਵਿਆਂ ਦੇ ਐਨੇ ਅੰਬਾਰ ਲਗ ਗਏ ਕਿ ਕਿਸੇ ਪਾਸ ਅਪਣੇ ਆਂਢ ਗੁਆਂਢ, ਭਾਈਚਾਰੇ ਅਤੇ ਸਮਾਜ ਜਿਸ ਦਾ ਉਹ ਹਿੱਸਾ ਹਨ, ਉਨ੍ਹਾਂ ਦੇ ਕੰਮ ਆਉਣ ਲਈ ਉਨ੍ਹਾਂ ਪਾਸ ਸਮਾ ਹੀ ਨਹੀਂ ਬਚਦਾ। ਜ਼ਿੰਦਗੀ ਦੀ ਭੱਜ ਨੱਠ ਵਿੱਚ ਤਰਜੀਹਾਂ ਹੋਰ ਵੱਡੀ ਚਣੌਤੀ ਬਣ ਗਈਆਂ ਹਨ। ਵਧੀਆਂ ਹੋਈਆਂ ਲਾਲਸਾਵਾਂ ਦੀ ਪੂਰਤੀ ਲਈ ਧਨ ਦੌਲਤ ਦੀ ਬਹੁਤ ਲੋੜ ਹੁੰਦੀ ਹੈ। ਸਮਾਜ ਪੈਸੇ ਦੇ ਜ਼ੋਰ ਨਾਲ ਹਰ ਲਾਲਸਾ ਪੂਰੀ ਕਰਨ ਦੇ ਰਾਹੇ ਟੁਰਿਆ ਹੋਇਆ ਹੈ। ਪੈਸੇ ਦੀ ਦੌੜ ਵਿੱਚ ਅੱਜ ਦਾ ਵਿਅਕਤੀ ਐਨਾ ਡੂੰਘਾ ਖੁੱਭ ਗਿਆ ਹੈ ਕਿ ਉਹ ਅਪਣੇ ਪੁਰਖਿਆਂ ਦੀਆਂ ਛੱਡੀਆਂ ਵਡਮੁਲੀਆਂ ਪਰੰਪਰਾਵਾਂ ਤੋਂ ਮੂੰਹ ਮੋੜ ਰਿਹਾ ਹੈ ਅਤੇ ਆਪਣੇ ਸਵਾਰਥ ਤੋਂ ਬਿਨਾ ਉਸ ਨੂੰ ਹੋਰ ਕੁੱਝ ਚੰਗਾ ਹੀ ਨਹੀਂ ਲਗਦਾ। ਪੈਸੇ ਦੀ ਦੌੜ ਨੇ ਸਮਾਜਿਕ ਤਾਣੇ ਬਾਣੇ ਵਿੱਚ ਐਨਾ ਖਿਲਾਰਾ ਪਾ ਦਿੱਤਾ ਹੈ ਕਿ ਹਰ ਬੰਦੇ ਨੂੰ ਮਣਾ ਮੂੰਹੀ ਗਿਆਨ ਵੀ ਪ੍ਰਾਪਤ ਕਰਨਾ ਪੈਂਦਾ ਹੈ ਅਤੇ ਇਸ ਨਾਲ ਤਰਜੀਹਾਂ ਦਾ ਟਕਰਾਵ ਵੀ ਹੁੰਦਾ ਹੈ।

ਪ੍ਰਿੰਟ ਮੀਡੀਆ ਤੇ ਸੋਸ਼ਲ ਮੀਡੀਆ ਰਾਹੀਂ ਪ੍ਰਾਪਤ ਕੀਤੀ ਜਾ ਰਹੀ ਜਾਣਕਾਰੀ ਵੇਲੇ ਤਾਂ ਜਿਵੇਂ ਬੰਦੇ ਦਾ ਇਮਤਿਹਾਨ ਹੀ ਹੁੰਦਾ ਹੋਵੇ ਕਿ ਕਿਸ ਖਬਰ ਨੂੰ ਕਿੰਨਾ ਸਮਾ ਦੇਣਾ ਹੈ। ਕੋਈ ਖਬਰ ਪੜ੍ਹਨੀ ਹੈ ਤਾਂ ਉਸ ਦੇ ਵੇਰਵੇ ਬਾਰੇ ਜਾਨਣ ਦੀ ਲੋੜ ਹੈ ਜਾਂ ਨਹੀਂ। ਭਾਵੇਂ ਕਿ ਸਾਰੀਆਂ ਖਬਰਾਂ ਦਾ ਆਪਣਾ ਆਪਣਾ ਮਹੱਤਵ ਹੈ ਪਰੰਤੂ ਫਿਰ ਵੀ ਅਪਣੀ ਸੋਚ ਅਤੇ ਜੀਵਨ ਤੋਰ ਅਨੁਸਾਰ ਚੋਣ ਕਰਨ ਦੀ ਜ਼ਰੂਰਤ ਪੈਂਦੀ ਹੈ ਅਤੇ ਉਨ੍ਹਾਂ ਨੂੰ ਪੜ੍ਹਨ, ਸੁਣਨ ਜਾਂ ਛੱਡਣ ਵਾਸਤੇ ਤਰਜੀਹ ਤੋਂ ਕੰਮ ਲੈਣਾ ਪੈਂਦਾ ਹੈ। ਲੋਕਰਾਜੀ ਨਿਜ਼ਾਮ ਵਿੱਚ ਦੇਸ ਵਾਸੀ ਸਿਆਸੀ ਸਰਗਰਮੀਆਂ ਤੋਂ ਵੀ ਅਣਜਾਣ ਨਹੀਂ ਰਹਿ ਸਕਦੇ। ਦੇਸ ਵਿਦੇਸ਼ ਅਤੇ ਸਥਾਨਿਕ ਗਤੀਵਿਧੀਆਂ ਬਾਰੇ ਜਾਨਣ ਲਈ ਸਮੇ ਦੀ ਵੰਡ ਕਰਨੀ ਪੈਂਦੀ ਹੈ ।

ਆਪਣੇ ਦਿਨ ਭਰ ਦੇ ਰੁਝੇਵਿਆਂ ਵਿੱਚੋਂ ਸਮੇ ਦੀ ਵੰਡ ਕਰਨ ਵੇਲੇ ਬੱਚੇ ਤੋਂ ਲੈ ਕੇ ਬੁੱਢੇ ਤੱਕ ਸਿਹਤ ਸੰਭਾਲ ਲਈ ਸਮਾ ਦੇਣ ਦੀ ਅਪਣੀ ਜ਼ਰੂਰਤ ਹੈ। ਸਿਹਤ ਸੰਭਾਲ ਲਈ ਠਰੰਮੇ ਨਾਲ ਕਸਰਤ, ਸੈਰ ਜਾਂ ਯੋਗਾ ਆਦਿ ਕਰਨਾ ਅਤੀ ਜ਼ਰੂਰੀ ਹੈ। ਆਪਣੇ ਸਰੀਰ ਦੇ ਅੰਗ ਜਿਵੇਂ ਅੱਖ, ਕੰਨ, ਦੰਦ ਆਦਿ ਦੀ ਸੰਭਾਲ ਵੀ ਸਮੇ ਦੀ ਮੰਗ ਕਰਦੇ ਹਨ। ਠੀਕ ਖੁਰਾਕੀ ਵਸਤਾਂ ਦੇ ਇੰਤਜ਼ਾਮ ਅਤੇ ਸਮੇ ਸਿਰ ਸੇਵਨ ਕਰਨ ਲਈ ਵੀ ਤਰਜੀਹ ਦੇਣੀ ਪੈਂਦੀ ਹੈ। ਅਜੋਕੇ ਆਧੁਨਿਕ ਯੁੱਗ ਦੇ ਹਾਣ ਦੇ ਬਣਨ ਲਈ ਸਮਾਂ ਦੇਣ ਦੀ ਲੋੜ ਪੈਂਦੀ ਹੈ। ਇਹ ਤਾਂ ਹੀ ਹੋ ਸਕਦਾ ਹੈ ਜੇਕਰ ਨਵੀਆਂ ਈਜ਼ਾਦ ਕੀਤੀਆਂ ਜਾ ਰਹੀਆਂ ਚੀਜ਼ਾਂ ਦੀ ਜਾਣਕਾਰੀ ਲੈਣ ਲਈ ਅਸੀਂ ਲੋੜੀਂਦਾ ਸਮਾਂ ਕੱਢਦੇ ਹਾਂ। ਜੇਕਰ ਇਸ ਤਰ੍ਹਾਂ ਨਹੀਂ ਕੀਤਾ ਜਾਂਦਾ ਤਾਂ ਬੰਦਾ ਸਮਾਜ ਵਿੱਚ ਅਪ੍ਰਸਾਂਗਿਕ ਹੋ ਜਾਂਦਾ ਹੈ। ਇਸ ਕਰਕੇ ਉਸ ਸਭ ਕੁੱਝ ਦੀ ਜਾਣਕਾਰੀ ਪ੍ਰਾਪਤ ਕਰਨ ਨੂੰ ਪਹਿਲ ਦੇਣੀ ਵੀ ਸਮੇ ਦੀ ਮੰਗ ਹੈ ।

ਹਕੂਮਤ ਕਰ ਰਹੇ ਸਿਆਸੀ ਲੀਡਰਾਂ ਨੂੰ ਅਪਣੀਆਂ ਜ਼ਿੰਮੇਵਾਰੀਆਂ ਨੂੰ ਠੀਕ ਤਰ੍ਹਾਂ ਨਿਭਾਉਣ ਲਈ ਪਹਿਲ ਦੇ ਆਧਾਰ 'ਤੇ ਕੰਮ ਨਿਪਟਾਉਣੇ ਹੁੰਦੇ ਹਨ। ਇਹ ਸਭ ਕੁੱਝ ਸਿਆਣਪ ਦੀ ਮੰਗ ਕਰਦਾ ਹੈ। ਅਚਾਨਕ ਆਏ ਹੰਗਾਮੀ ਹਾਲਾਤ ਵਿੱਚ ਤਰਜੀਹਾਂ ਬਦਲਣ ਦੀ ਲੋੜ ਪੈਂਦੀ ਹੈ। ਸਰਕਾਰਾਂ ਦੀ ਕਾਮਯਾਬੀ ਬਹੁਤ ਹੱਦ ਤੱਕ ਤਰਜੀਹਾਂ 'ਤੇ ਨਿਰਭਰ ਕਰਦੀ ਹੈ। ਆਗੂਆਂ ਨੂੰ ਤਰਜੀਹ ਦਾ ਹੁਨਰ ਸਿੱਖਣ ਦੀ ਸਖਤ ਲੋੜ ਹੈ। ਅਚਾਨਕ ਮਿਲੇ ਅੱਛੇ ਮੌਕੇ ਸੰਭਾਲਣੇ ਪੈਂਦੇ ਹਨ ਕਿਉਂਕਿ ਗਿਆ ਵਕਤ ਮੁੜ ਹੱਥ ਨਹੀਂ ਆਉਂਦਾ । ਮੁਕਦੀ ਗੱਲ ਇਹ ਕਿ ਜ਼ਿੰਦਗੀ ਦੇ ਹਰ ਕਦਮ 'ਤੇ ਤਰਜੀਹਾਂ ਆਪਣਾ ਅਹਿਮ ਰੋਲ ਅਦਾ ਕਰਦੀਆਂ ਹਨ ਜਿਨ੍ਹਾ ਵਾਸਤੇ ਅਜੋਕੇ ਯੁੱਗ ਵਿੱਚ ਹਰ ਮਨੁੱਖ ਨੂੰ ਸੁਚੇਤ ਹੋਣ ਦੀ ਲੋੜ ਹੈ ।

❊ ❊❊❊ ❊

## ਦੁਨੀਆਂ ਦੀ ਸਭ ਤੋਂ ਉੱਚੀ ਸੜਕ ਦਾ ਨਿਰਮਾਣ

ਭਾਰਤ ਦੇ ਹਿਮਾਲਾ ਪਰਬਤ ਵਿੱਚ ਸਥਿਤ ਲਦਾਖ ਦੇ ਪੂਰਬੀ ਖੇਤਰ ਵਿੱਚ ਬਾਰਡਰ ਰੋਡਜ਼ ਆਰਗੇਨਾਈਜ਼ੇਸ਼ਨ ਨੇ 19300 ਫੁੱਟ ਦੀ ਉਚਾਈ 'ਤੇ ਉਮਲਿੰਗਲਾ ਦਰੇ ਵਿੱਚ 52 ਕਿਲੋਮੀਟਰ ਲੰਮੀ ਸੜਕ ਦਾ ਨਿਰਮਾਣ ਕਰ ਕੇ ਇਤਿਹਾਸ ਸਿਰਜਿਆ ਹੈ। ਇਸ ਸੜਕ ਦੀ ਉਚਾਈ ਮਾਊਂਟ ਐਵਰੈਸਟ ਦੇ ਦੱਖਣੀ ਬੇਸ ਕੈਂਪ ਦੀ ਉਚਾਈ, 17598 ਫੁੱਟ ਤੋਂ ਵੀ ਵੱਧ ਹੈ। ਸੜਕ ਇੰਜਨੀਅਰਾਂ ਦੀ ਇਸ ਮਾਅਰਕੇਬਾਜ਼ੀ ਸਦਕਾ ਭਾਰਤ ਨੇ ਬੋਲੀਵੀਆ ਦੇਸ਼ ਤੋਂ ਬਾਜ਼ੀ ਮਾਰ ਕੇ ਦੁਨੀਆਂ ਵਿੱਚ ਪਹਿਲਾ ਸਥਾਨ ਮਾਰ ਲਿਆ ਹੈ। ਉਸ ਦੇਸ਼ ਵਿੱਚ ਇੱਕ ਸੜਕ 18953 ਫੁੱਟ ਦੀ ਉਚਾਈ 'ਤੇ ਹੈ ਜੋ ਪਹਿਲਾਂ ਸਭ ਤੋਂ ਉੱਚੀ ਮੰਨੀ ਜਾਂਦੀ ਸੀ। ਆਮ ਤੌਰ 'ਤੇ ਸਾਮਾਨ ਢੋਣ ਵਾਲੇ ਹਵਾਈ ਜਹਾਜ਼ 30000 ਫੁੱਟ ਦੀ ਉਚਾਈ 'ਤੇ ਉੜਦੇ ਹਨ। ਇਹ ਕਿਹਾ ਜਾ ਸਕਦਾ ਹੈ ਕਿ ਇਸ ਸੜਕ 'ਤੇ ਦੌੜਦੇ ਵਹੀਕਲ ਹਵਾਈ ਜਹਾਜ਼ ਦੋ ਕੁ ਮੀਲ ਹੀ ਥੱਲੇ ਰਹਿੰਦੇ ਹਨ।

ਇਸ ਸੜਕ ਦੀ ਉਸਾਰੀ ਅਤਿ ਕਠਿਨ ਕੰਮ ਸੀ ਕਿਉਂਕਿ ਸਿਆਲਾਂ ਦੇ ਦਿਨਾਂ ਵਿੱਚ ਇੱਥੇ ਤਾਪਮਾਨ -40 ਡਿਗਰੀ ਸੈਲਸੀਅਸ ਅਤੇ ਆਕਸੀਜਨ ਦਾ ਪੱਧਰ ਆਮ ਨਾਲੋਂ ਅੱਧਾ ਰਹਿ ਜਾਂਦਾ ਹੈ। ਇਸ ਸੜਕ ਦੇ ਬਣਨ ਨਾਲ ਲੱਦਾਖ ਵਿੱਚ ਟੂਰਿਜ਼ਮ ਧੰਦੇ ਵਿੱਚ ਬਹੁਤ ਵਾਧਾ ਹੋਵੇਗਾ। ਹੁਣ ਲੇਹ ਸ਼ਹਿਰ ਤਾਂ ਸ਼ਿਸੁੰਮਲੇ ਅਤੇ ਦੈਮਸ਼ੇਕ ਵਿਚਕਾਰ ਫਾਸਲਾ ਘਟ ਗਿਆ ਹੈ ਜਿਸ ਨਾਲ ਲੋਕਾਂ ਨੂੰ ਸਫਰ ਕਰਨ ਦੀ ਆਸਾਨੀ ਹੋ ਗਈ ਹੈ। ਲਦਾਖ ਦੇ ਖਰਦੁੰਗ ਦਰੇ ਵਿੱਚ ਪਹਿਲਾਂ ਬਣੀ ਸੜਕ 17600 ਫੁੱਟ ਦੀ ਉਚਾਈ 'ਤੇ ਹੈ ਜੋ ਕਿ ਵਿਸ਼ਵ ਦੀਆਂ ਉੱਚੀਆਂ ਸੜਕਾਂ ਵਿੱਚ ਸ਼ਾਮਿਲ ਹੈ।

ਸਮੇਂ ਦੀ ਧੂੜ ਵਿੱਚ ਗੁਆਚਿਆ ਸੈਣੀ ਆਜ਼ਾਦੀ ਸੰਗ੍ਰਾਮੀ

## ਗੁਲਾਬ ਸਿੰਘ ਸੈਣੀ

ਗੁਲਾਬ ਸਿੰਘ ਸੈਣੀ ਇੱਕ ਭਾਰਤੀ ਆਜ਼ਾਦੀ ਸੰਗ੍ਰਾਮੀ ਸੀ ਜਿਸ ਬਾਰੇ ਬਹੁਤ ਘੱਟ ਲੋਕਾਂ ਨੂੰ ਜਾਣਕਾਰੀ ਹੈ। ਉਸ ਨੇ ਆਜ਼ਾਦੀ ਦੀ ਪਹਿਲੀ ਭਾਰਤੀ ਲੜਾਈ ਵਿੱਚ ਸੂਰਮਤਾਈ ਨਾਲ ਲੜਦਿਆਂ ਅੰਗ੍ਰੇਜ਼ੀ ਫੌਜ ਦੇ ਦੰਦ ਖੱਟੇ ਕੀਤੇ ਅਤੇ ਸ਼ਹੀਦੀ ਪ੍ਰਾਪਤ ਕੀਤੀ।



ਗੁਲਾਬ ਸਿੰਘ ਸੈਣੀ ਦਿੱਲੀ ਦੇ ਨਾਲ ਲਗਦੀ ਰਿਆਸਤ ਬਲਮਗੜ੍ਹ ਦੇ ਰਾਜਾ ਨਾਹਰ ਸਿੰਘ ਦਾ ਸੈਨਾਪਤੀ ਸੀ। ਉਸ ਦਾ ਜਨਮ ਇਸ ਰਿਆਸਤ ਵਿੱਚ ਇੱਕ ਕਿਸਾਨੀ ਸੈਣੀ ਪਰਿਵਾਰ ਵਿੱਚ ਹੋਇਆ। ਕਿਹਾ ਜਾਂਦਾ ਹੈ ਕਿ ਉਸ ਦੇ ਬਜ਼ੁਰਗ ਬਲਬਗੜ੍ਹ ਦੇ ਰਾਜਾ ਦੇ ਬਹੁਤ ਨਜ਼ਦੀਕੀ ਅਤੇ ਵਿਸ਼ਵਾਸਪਾਤਰ ਸਨ। ਇਸ ਕਾਰਨ ਗੁਲਾਬ ਸਿੰਘ ਦਾ ਪਿਤਾ ਜੋਧ ਸਿੰਘ, ਰਾਜਾ ਨਾਹਰ ਸਿੰਘ ਦੇ ਪਿਤਾ ਰਾਮ ਸਿੰਘ ਦਾ ਸੈਨਾਪਤੀ ਸੀ। ਰਾਜਾ ਨਾਹਰ ਸਿੰਘ ਨੇ ਫੌਜੀ ਸਿਖਲਾਈ ਵੀ ਜੋਧ ਸਿੰਘ ਤੋਂ ਹਾਸਲ ਕੀਤੀ ਸੀ। ਇਸ ਲਈ ਗੁਲਾਬ ਸਿੰਘ ਨੂੰ ਰਾਜਾ ਨਾਹਰ ਸਿੰਘ ਨੇ ਆਪਣੀ ਫੌਜ ਦਾ ਕਮਾਂਡਰਇੰਨਚੀਫ ਨਿਯੁਕਤ ਕਰ ਲਿਆ। ਆਜ਼ਾਦੀ ਦੀ ਪਹਿਲੀ ਲੜਾਈ ਸਮੇਂ 10 ਮਈ, 1857 ਨੂੰ ਜਦੋਂ ਮੇਰਠ ਅਤੇ ਅੰਬਾਲਾ ਦੇ ਭਾਰਤੀ ਦੇਸ਼ਭਗਤ ਸੈਨਿਕਾਂ ਨੇ ਦਿੱਲੀ 'ਤੇ ਹਮਲਾ ਕੀਤਾ ਤਾਂ ਗੁਲਾਬ ਸਿੰਘ ਨੇ ਵੀ ਆਪਣੀ ਫੌਜ ਨਾਲ ਦਿੱਲੀ 'ਤੇ ਹਮਲਾ ਕਰ ਦਿੱਤਾ। ਉਸ ਦੀ ਫੌਜ ਵਿੱਚ ਮੁਸਲਮਾਨ, ਜੱਟ, ਸੈਣੀ, ਮਿਊਜ਼ ਅਤੇ ਰਾਜਪੂਤ ਸੈਨਿਕ ਸ਼ਾਮਲ ਸਨ। ਉਸ ਦਾ ਅੰਗ੍ਰੇਜ਼ੀ ਫੌਜ ਨਾਲ ਮੁਕਾਬਲਾ 'ਸਿਹੀ' ਪਿੰਡ ਪਾਸ ਹੋਇਆ। ਉਸ ਨੇ ਬਹੁਤ ਬਹਾਦਰੀ ਨਾਲ ਲੜਦਿਆਂ ਅੰਗ੍ਰੇਜ਼ੀ ਫੌਜੀਆਂ ਦੇ ਪੈਰ ਉਖਾੜ ਦਿੱਤੇ ਜਿਸ ਸਦਕਾ ਉਹ ਪਿੱਛੇ ਹਟਣ ਲਈ ਮਜ਼ਬੂਰ ਹੋ ਗਏ। ਇਸ ਦੇ ਨਤੀਜੇ ਵਜੋਂ ਆਜ਼ਾਦੀ ਸੰਗ੍ਰਾਮੀ, ਬਹਾਦਰ ਸ਼ਾਹ ਜ਼ਫ਼ਰ ਨੂੰ ਭਾਰਤ ਦੇ ਬਾਦਸ਼ਾਹ ਵਜੋਂ ਗੱਦੀ 'ਤੇ ਬਿਠਾਉਣ ਵਿੱਚ ਕਾਮਯਾਬ ਹੋ ਗਏ। ਜਦੋਂ ਅੰਗ੍ਰੇਜ਼ਾਂ ਨੇ ਆਜ਼ਾਦੀ ਦਾ ਇਹ ਸੰਗ੍ਰਾਮ ਕੁਚਲ ਦਿੱਤਾ ਤਾਂ ਗੁਲਾਬ ਸਿੰਘ ਅਤੇ ਉਸ ਦੇ ਸਾਥੀਆਂ ਨੂੰ ਅੰਗ੍ਰੇਜ਼ਾਂ ਨੇ ਧੋਖੇ ਨਾਲ ਪਕੜ ਲਿਆ। ਉਨ੍ਹਾਂ 'ਤੇ ਅੰਗ੍ਰੇਜ਼ੀ ਰਾਜ ਵਿਰੁੱਧ ਸਾਜ਼ਿਸ਼ ਕਰਨ ਦਾ ਇਲਜ਼ਾਮ ਲਗਾਇਆ ਗਿਆ।

ਗੁਲਾਬ ਸਿੰਘ ਸੈਣੀ ਨੂੰ ਰਾਜਾ ਨਾਹਰ ਸਿੰਘ ਅਤੇ ਮਾਧੋ ਸਿੰਘ ਨਾਲ 9 ਜਨਵਰੀ, 1858 ਨੂੰ ਦਿੱਲੀ ਦੇ ਲਾਲ ਕਿਲੇ ਸਾਹਮਣੇ ਚਾਂਦਨੀ ਚੌਕ ਵਿੱਚ ਫਾਂਸੀ 'ਤੇ ਲਟਕਾ ਦਿੱਤਾ ਗਿਆ। ਇਸ ਦੇ ਨਾਲ ਹੀ ਇਨ੍ਹਾਂ ਦੀ ਸਾਰੀ ਜਾਇਦਾਦ, ਮਾਲ-ਸਬਾਬ ਅਤੇ ਧਨ-ਦੌਲਤ ਜਬਤ ਕਰ ਲਈ ਗਈ। ਇੱਥੋਂ ਤੱਕ ਕਿ ਇਨ੍ਹਾਂ ਦੀ ਗ੍ਰਿਫਤਾਰੀ ਨਾਲ ਸਬੰਧਿਤ ਸਾਰਾ ਰਿਕਾਰਡ ਨਸ਼ਟ ਕਰ ਦਿੱਤਾ ਗਿਆ ਤਾਂ ਜੋ ਇਨ੍ਹਾਂ ਦਾ ਬਹਾਦੁਰੀ ਦਾ ਕੋਈ ਨਿਸ਼ਾਨ ਬਾਕੀ ਨਾ ਰਹੇ। ਪਰ ਸ਼ਹੀਦਾਂ ਦੀ ਯਾਦ ਲੋਕ ਮਨਾਂ ਵਿੱਚ ਕਾਇਮ ਰਹਿੰਦੀ ਹੈ ਜਿਸ ਕਾਰਨ ਦੇਰ-ਸਵੇਰ ਇਨ੍ਹਾਂ ਦੀ ਸ਼ਦੇ ਪੰਨਿਆਂ 'ਤੇ ਪ੍ਰਗਟ ਹੋ ਜਾਂਦੀ ਹੈ। ਸਾਰੇ ਦੇਸ਼ ਅਤੇ ਸੈਣੀ ਬਰਾਦਰੀ ਨੂੰ ਗੁਲਾਬ ਸਿੰਘ ਸੈਣੀ ਦੀ ਸ਼ਹੀਦੀ 'ਤੇ ਮਾਣ ਹੈ।

❈ ❈ ❈ ❈ ❈



ਬਾਲ ਕਵਿਤਾਵਾਂ

ਡਾ. ਦਲਜੀਤ ਕੌਰ ਸੈਣੀ,
ਚੰਡੀਗੜ੍ਹ

### ਪਾਣੀ

ਅੰਬਰੋਂ ਗਿਰਦਾ ਛਮਛਮ ਪਾਣੀ,
ਸਾਨੂੰ ਦਿੰਦਾ ਜੀਵਨ ਪਾਣੀ।
ਨਾ ਰੋੜ੍ਹੋ ਤੁਸੀਂ ਐਵੇਂ ਪਾਣੀ,
ਰੱਖੋ ਤੁਸੀਂ ਬਚਾ ਕੇ ਪਾਣੀ।
ਮਰ ਜਾਊ ਧਰਤੀ ਬਿਨ ਪਾਣੀ,
ਧਰਤੀ ਉੱਤੇ ਅੰਮ੍ਰਿਤ ਪਾਣੀ।

### ਕੀੜੀ

ਕੋਈ ਸ਼ੋਰ ਨਾ ਕਰਦੀ ਕੀੜੀ,
ਆਪਣੇ ਕੰਮ 'ਚ ਲਗਦੀ ਕੀੜੀ।
ਕੰਧਾਂ ਉੱਤੇ ਚੜ੍ਹਦੀ ਕੀੜੀ,
ਡਿਗਦੀ ਢਹਿੰਦੀ ਵਧਦੀ ਕੀੜੀ।
ਡਿਗ ਡਿਗ ਕੇ ਉੱਠਦੀ ਕੀੜੀ,
'ਵਧਦੇ ਜਾਓ' ਕਹਿੰਦੀ ਕੀੜੀ।

### ਦੀਵਾ

ਨਿੱਕਾ ਜਿਹਾ ਦੀਵਾ,
ਕੰਮ ਕਰਦਾ ਕਿੰਨਾ ਮਹਾਨ।
ਦਿੰਦਾ ਹੋਰਾਂ ਨੂੰ ਚਾਨਣ,
ਏਹੀ ਬੱਸ ਇਸਦੀ ਸ਼ਾਨ।
ਦੀਵੇ ਵਰਗੇ ਤੁਸੀਂ ਵੀ ਬਣਨਾ,
ਕਰਨਾ ਜੱਗ ਵਿੱਚ ਰੌਸ਼ਨ ਨਾਮ

ਕੌਮਾਂਤਰੀ ਮਾਤ ਭਾਸ਼ਾ ਦਿਵਸ (21 ਫਰਵਰੀ) 'ਤੇ ਵਿਸ਼ੇਸ਼



# ਮਾਂ ਬੋਲੀ - ਪੰਜਾਬੀ

ਹਰਜੀਤ ਲਸਾੜਾ, ਬ੍ਰਿਸਬੇਨ (ਅਸਟ੍ਰੇਲੀਆ)

ਪੰਜਾਬੀ ਬੋਲੀ ਕਿਵੇਂ ਹੋਂਦ ਵਿੱਚ ਆਈ, ਇਹ ਸਮੇਂ ਨਾਲ ਕਿੰਨੀ ਬਦਲੀ, ਪੰਜਾਬੀ ਵਿੱਚ ਲਿਖੀ ਸਭ ਤੋਂ ਪਹਿਲੀ ਕਿਤਾਬ ਕਿਹੜੀ ਸੀ? ਪੰਜਾਬੀ ਕਿਸ ਖਿੱਤੇ ਤੋਂ ਜਨਮੀ, ਪੰਜਾਬੀ ਤੋਂ ਪਹਿਲਾਂ ਉਸ ਖਿੱਤੇ ਦੇ ਲੋਕ ਕਿਸ ਬੋਲੀ ਵਿੱਚ ਸੰਵਾਦ ਕਰਦੇ ਸਨ? ਕੀ ਪੰਜਾਬੀ ਨੂੰ ਕਿਸੇ ਭਾਸ਼ਾ ਤੋਂ ਕੋਈ ਖਤਰਾ ਹੋ ਸਕਦਾ ਹੈ ?ਆਉ ਜਾਣੀਏ।

ਮੌਜੂਦਾ ਸਮੇਂ ਵਿੱਚ ਪੰਜਾਬੀ ਦੀਆਂ ਦੋ ਲਿਪੀਆਂ ਹਨ- ਸ਼ਾਹਮੁਖੀ ਤੇ ਗੁਰਮੁਖੀ। ਇਨ੍ਹਾਂ ਵਿੱਚ ਅੱਖਰਾਂ ਦੀ ਬਣਤਰ ਦਾ ਫ਼ਰਕ ਹੈ। ਡਾ.ਬੂਟਾ ਸਿੰਘ ਬਰਾੜ ਅਤੇ ਡਾ.ਜੋਗਾ ਸਿੰਘ ਮੁਤਾਬਿਕ ਭਾਰਤ ਦੀਆਂ ਸਾਰੀਆਂ ਭਾਸ਼ਾਵਾਂ ਹੀ ਬ੍ਰਹਮੀ ਲਿਪੀ ਤੋਂ ਜਨਮੀਆਂ ਹਨ। ਭਾਰਤ ਵਿੱਚ ਲਿਪੀਆਂ ਤੇ ਭਾਸ਼ਾਵਾਂ ਨੂੰ ਧਾਰਮਿਕ ਰੰਗਤ ਦੇ ਦਿੱਤੀ ਗਈ ਤਾਂ ਜਿਹੜੇ ਇਸਲਾਮੀ ਵਿਚਾਰ ਵਾਲੇ ਸਨ ਉਨ੍ਹਾਂ ਨੇ ਸ਼ਾਹਮੁਖੀ ਦੀ ਵਧੇਰੇ ਵਰਤੋਂ ਕੀਤੀ। ਜਿਹੜੇ ਸਥਾਨਕ ਹਿੰਦੂ ਜਾਂ ਸਿੱਖ ਵਿਸ਼ਵਾਸ ਵਾਲੇ ਸਨ ਉਨ੍ਹਾਂ ਨੇ ਸਿੱਧ ਮਾਤਰਿਕਾ, ਸ਼ਾਰਦਾ ਟਾਕਰੀ, ਲੰਡੇ ਤੇ ਬਾਅਦ ਵਿੱਚ ਗੁਰਮੁਖੀ ਦੀ ਵਰਤੋਂ ਕੀਤੀ। ਉਸ ਤੋਂ ਬਾਅਦ ਸ਼ਾਹਮੁਖੀ ਵਿੱਚ ਬਾਬਾ ਸ਼ੇਖ ਫਰੀਦ ਦੀਆਂ ਰਚਨਾਵਾਂ ਅਤੇ ਗੁਰਮੁਖੀ ਵਿੱਚ ਗੁਰੂ ਨਾਨਕ ਦੇਵ ਜੀ ਦੀ ਬਾਣੀ ਦਰਜ ਹੋਈ।

ਡਾ.ਬੂਟਾ ਸਿੰਘ ਬਰਾੜ ਦਾ ਮੰਨਣਾ ਹੈ ਕਿ,"ਪੰਜਾਬੀ ਦਾ ਜਨਮ ਸਪਤ ਸਿੰਧੂ ਦੇ ਇਲਾਕੇ ਤੋਂ ਹੋਇਆ, ਉਸ ਵੇਲੇ ਇਸ ਬੋਲੀ ਨੂੰ ਸਪਤਸਿੰਧਵੀ ਕਿਹਾ ਜਾਂਦਾ ਸੀ। ਪੰਜਾਬੀ ਬੋਲੀ ਦਾ ਮੂਲ ਸੰਸਕ੍ਰਿਤ ਨਹੀਂ, ਬਲਕਿ ਪਾਕ ਪ੍ਰਾਕਰਿਤ ਹੈ, ਜੋ ਕਿ ਮੁੱਢ ਤੋਂ ਇੱਥੇ ਵਸਦੇ ਲੋਕਾਂ ਦੇ ਬੋਲਚਾਲ ਦੇ ਭਾਸ਼ਾ ਸੀ।" ਡਾ.ਜੋਗਾ ਸਿੰਘ ਮੁਤਾਬਿਕ ਜਦੋਂ ਤੋਂ ਪੰਜਾਬ ਦੀ ਇਹ ਧਰਤੀ ਹੈ ਉਦੋਂ ਤੋਂ ਹੀ ਪੰਜਾਬੀ ਦਾ ਮੂਲ ਹੈ। ਵੱਖ ਵੱਖ ਨਸਲਾਂ, ਵੱਖ ਵੱਖ ਕਬੀਲੇ ਤੇ ਵੱਖ ਵੱਖ ਕੌਮਾਂ ਜਿਵੇਂ ਜਿਵੇਂ ਪੰਜਾਬ ਵਿੱਚ ਆਏ, ਉਨ੍ਹਾਂ ਨੇ ਪੰਜਾਬੀ ਦਾ ਹੋਰਨਾਂ ਭਾਸ਼ਾਵਾਂ ਵਿੱਚ ਮਿਸ਼ਰਨ ਕਰ ਦਿੱਤਾ। ਪਰ ਜਿਹੜੀ ਮੂਲ ਰੂਪ ਵਿੱਚ ਇੱਥੋਂ ਦੀ ਭਾਸ਼ਾ ਹੈ ਉਹ ਸਥਾਨਕ ਭਾਸ਼ਾ ਪੰਜਾਬੀ ਹੀ ਹੈ। ਉਨ੍ਹਾਂ ਅਨੁਸਾਰ ਲੰਡਾ. ਸਿੱਧਮਾਤਰਿਕਾ, ਨਾਗਰੀ, ਸ਼ਾਰਦਾ, ਟਾਕਰੀ, ਮਹਾਜਨੀ ਲਿਪੀ ਹੈ। ਲੰਡੇ ਤੋਂ ਹੀ ਅੱਜ ਦੀ ਗੁਰਮੁਖੀ ਦਾ ਮੁੱਢ ਬੱਝਿਆ ਹੈ। ਸ਼ਾਹਮੁਖੀ ਇੱਕ ਵੱਖਰੀ ਲਿਪੀ ਸੀ ਉਸਦਾ ਇਹ ਨਹੀਂ ਹੈ ਕਿ ਗੁਰਮੁਖੀ ਨਾਲ ਉਸਦਾ ਕੋਈ ਰਿਸ਼ਤਾ ਨਹੀਂ ਹੈ। ਬਹੁਤ ਪਹਿਲਾਂ ਦੱਸਿਆ ਹੈ ਕਿ ਫੀਨੀਸ਼ੀਅਨ ਲਿਪੀ ਤੋਂ ਹੀ ਸਾਰੀਆਂ ਲਿਪੀਆਂ ਬ੍ਰਹਮੀ ਨਾਲ ਮਿਲ ਕੇ ਜਨਮੀਆਂ ਹਨ। ਪਰ ਇਨ੍ਹਾਂ ਦੀ ਵਿੱਥ ਹੋ ਗਈ। ਡਾ.ਜੋਗਾ ਸਿੰਘ ਮੁਤਾਬਿਕ ਪੰਜਾਬੀ 'ਚ ਪਹਿਲੀ ਰਚਨਾ ਅਦਹਮਾਣ ਦੀ 'ਸਨੇਹ ਰਾਸਯ' ਹੈ ਜੋ ਕਿ ਕਈ ਲਿਪੀਆਂ ਦਾ ਮਿਸ਼ਰਣ ਹੈ ਜੋ ਕਿ 9ਵੀਂ ਸਦੀ ਦੇ ਕਰੀਬ ਸੀ।

ਅਜੋਕੀ ਪੰਜਾਬੀ ਭਾਸ਼ਾ ਵਿੱਚ ਆਏ ਬਦਲਾਅ ਅਤੇ ਪੈਂਤੀ ਕਿੱਥੋਂ ਆਈ, ਇਸ ਬਾਰੇ ਡਾ. ਬੂਟਾ ਸਿੰਘ ਬਰਾੜ ਅਨੁਸਾਰ ਪੰਜਾਬੀ ਲਿਖਣ ਵਿੱਚ ਨਫ਼ਾਸਤ ਆਈ ਹੈ ਅਤੇ ਬੋਲਣ ਵਿੱਚ ਰਲਾਵਟ। ਡਾ.ਜੋਗਾ ਸਿੰਘ ਮੁਤਾਬਿਕ,"ਪੈਂਤੀ ਅੱਖਰੀ ਦਾ ਸਭ ਤੋਂ ਪਹਿਲਾ ਸਬੂਤ ਨਾਨਕ ਦੀ ਪੱਟੀ ਵਿੱਚ ਮਿਲਦਾ ਹੈ। ਉਸ ਵਿੱਚ ਪੈਂਤੀ ਹੀ ਅੱਖਰ ਹਨ। ਉਸ ਵਿੱਚ ਫ਼ਰਕ ਸਿਰਫ਼ ਇੰਨਾ ਹੈ ਕਿ 'ਉ,ਅ,ੲ' ਵਾਲੀ ਤਰਤੀਬ ਵੱਖਰੀ ਸੀ। ਉਸ ਵਿੱਚ 'ਅ,ੲ, ਉ' ਲਿਖਿਆ ਜਾਂਦਾ ਸੀ। ਬਾਅਦ ਵਿੱਚ ਗੁਰੂ ਅੰਗਦ ਦੇਵ ਜੀ ਨੇ ਇਹ ਤਰਤੀਬ ਬਦਲ ਕੇ 'ਉ, ਅ, ੲ' ਕੀਤੀ।"

ਪੰਜਾਬੀ ਬੋਲੀ ਵਿੱਚ ਅਜੇ ਕੋਈ ਅੱਖਰ ਅਲੋਪ(ਲੋਪ) ਤਾਂ ਨਹੀਂ ਹੋਏ ਪਰ ਉਸ ਵਿੱਚ ਕੁੱਝ ਹੋਰ ਅੱਖਰ ਸ਼ਾਮਿਲ ਜ਼ਰੂਰ ਹੋ ਗਏ। ਕਿਉਂਕਿ ਫਾਰਸੀ (Persian) ਦਰਬਾਰੀ ਭਾਸ਼ਾ ਬਣ ਗਈ ਅਤੇ ਉਸ ਵਿੱਚ ਕਈ ਰਚਨਾਵਾਂ ਹੋਈਆਂ। ਗੁਰੂ ਗੋਬਿੰਦ ਸਿੰਘ ਜੀ ਨੇ ਜ਼ਫ਼ਰਨਾਮਾ ਫਾਰਸੀ ਵਿੱਚ ਲਿਖਿਆ। ਜਦੋਂ ਇਨ੍ਹਾਂ ਫਾਰਸੀ ਦੀਆਂ ਰਚਨਾਵਾਂ ਨੂੰ ਗੁਰਮੁਖੀ ਵਿੱਚ ਲਿਖਿਆ ਗਿਆ ਤਾਂ ਜਿਹੜੇ, 'ਖ਼, ਜ਼, ਫ਼, ਗ਼' ਧੁਨੀਆਂ ਹਨ ਤਾਂ ਲੋਕਾਂ ਨੇ ਸੋਚਿਆ ਕਿ ਇਸ ਨੂੰ ਉਸੇ ਵਾਂਗ ਹੀ ਲਿਖਿਆ ਜਾਣਾ ਚਾਹੀਦਾ ਹੈ। ਤਾਂ ਉਹਨਾਂ ਦੇ ਪੈਰ ਵਿੱਚ ਬਿੰਦੀ ਲਾ ਦਿੱਤੀ ਗਈ। 'ਸ' ਪੈਰ ਬਿੰਦੀ ਲਾ ਕੇ ਸ਼ ਵੀ ਪੰਜਾਬੀ ਵਿੱਚ ਸ਼ਾਮਿਲ ਹੋ ਗਿਆ। ਫਿਰ ਜੋ ਸ਼ਬਦ ਜੋੜ ਕੋਸ਼ ਪੰਜਾਬੀ ਯੂਨੀਵਰਸਿਟੀ ਵੱਲੋਂ ਬਣਾਇਆ ਗਿਆ ਤਾਂ 'ਲ' ਪੈਰ ਬਿੰਦੀ ਲਾ ਕੇ ਸ਼ਾਮਿਲ ਕੀਤਾ ਗਿਆ।"

ਦੁਨੀਆਂ ਭਰ ਵਿੱਚ ਪੰਜਾਬੀ ਮਾਹਿਰਾਂ ਮੁਤਾਬਿਕ 13-14 ਕਰੋੜ ਲੋਕਾਂ ਦੀ ਮਾਂ ਬੋਲੀ ਪੰਜਾਬੀ ਹੈ। ਸਭ ਤੋਂ ਵੱਧ ਤਕਰੀਬਨ 10 ਕਰੋੜ ਪੰਜਾਬੀ ਬੋਲਣ ਵਾਲੇ ਪਾਕਿਸਤਾਨ ਵਿੱਚ ਹਨ। ਉਸ ਤੋਂ ਬਾਅਦ 3 ਕਰੋੜ ਦੇ ਕਰੀਬ ਭਾਰਤੀ ਪੰਜਾਬ ਅਤੇ ਕਰੀਬ 1 ਕਰੋੜ ਦੁਨੀਆ ਦੇ ਵੱਖ ਵੱਖ ਹਿੱਸਿਆਂ ਵਿੱਚ ਜਾ ਕੇ ਵਸੇ ਹੋਏ ਹਨ। ਡਾ. ਜੋਗਾ ਸਿੰਘ ਅਨੁਸਾਰ ਪੰਜਾਬੀ ਦੀਆਂ ਕੁੱਲ 28 ਉਪ-ਬੋਲੀਆਂ ਹਨ, ਜਿਨ੍ਹਾਂ ਵਿੱਚ 8 ਜ਼ਿਆਦਾ ਪ੍ਰਚਲਿਤ ਹਨ। ਪਰ ਇਸ ਦੇ ਨਾਲ ਹੀ ਉਨ੍ਹਾਂ ਨੇ ਪੰਜਾਬੀ ਭਾਸ਼ਾ ਨੂੰ ਖਤਰਾ ਹੋਣ ਦੀ ਗੱਲ ਵੀ ਕਹੀ। ਉਨ੍ਹਾਂ ਦਾ ਕਹਿਣਾ ਹੈ, "ਕਿਸੇ ਵੀ ਭਾਸ਼ਾ ਨੂੰ ਖ਼ਤਰਾ ਹੋ ਸਕਦਾ ਹੈ। ਭਾਸ਼ਾ ਉਦੋਂ ਖਤਮ ਹੋਣੀ ਹੁੰਦੀ ਹੈ ਜਦੋਂ ਉਸ ਦੀ ਵਰਤੋਂ ਦੇ ਖੇਤਰਾਂ ਵਿੱਚ ਵਰਤੋਂ ਖੁਰਨੀ ਸ਼ੁਰੂ ਹੋ ਜਾਂਦੀ ਹੈ। ਸੰਸਕ੍ਰਿਤ, ਲਾਤੀਨੀ ਵਰਗੀਆਂ ਵੱਡੀਆਂ ਭਾਸ਼ਾਵਾਂ ਵੀ ਖਤਮ ਹੋ ਗਈਆਂ ਹਨ। ਭਾਰਤ ਵਿੱਚ ਸੰਸਕ੍ਰਿਤ ਬੋਲਣ ਵਾਲੇ 5-7 ਹਜ਼ਾਰ ਹੀ ਹਨ।" ਅੱਜ ਸਿੱਖਿਆ ਸਭ ਤੋਂ ਵੱਡਾ ਮਾਧਿਅਮ ਹੈ। ਕਿਉਂਕਿ ਹਰੇਕ ਬੱਚਾ ਸਕੂਲ ਜਾ ਰਿਹਾ ਹੈ ਤੇ ਸਿੱਖਿਆ

ਦਾ ਮਾਧਿਅਮ ਜੋ ਭਾਸ਼ਾ ਹੈ, ਉਹੀ ਉਸ ਦੀ ਪਹਿਲੀ ਭਾਸ਼ਾ ਹੈ। ਕਿਸੇ ਅਗਲੀ ਪੀੜ੍ਹੀ ਵਿੱਚ ਜਾ ਕੇ ਉਨ੍ਹਾਂ ਦੇ ਬੱਚਿਆਂ ਦੀ ਮਾਤ ਭਾਸ਼ਾ ਬਣ ਜਾਵੇਗੀ। ਬੜੇ ਦੁੱਖ ਨਾਲ ਕਹਿਣਾ ਪੈਂਦਾ ਹੈ ਕਿ ਲੋਕਾਂ ਨੇ ਘਰਾਂ ਦੇ ਨਾਮ ਵੀ ਅੰਗਰੇਜ਼ੀ ਵਿੱਚ ਹੀ ਲਿਖੇ ਹੁੰਦੇ ਹਨ।

ਦੇਸ਼ ਵਿੱਚ ਸੰਪਰਕ ਭਾਸ਼ਾ ਦੀ ਲੋੜ ਹੋਵੇ ਤਾਂ ਲੋਕ ਖੁਦ ਹੀ ਬਣਾ ਲੈਂਦੇ ਹਨ। ਸਕੂਲਾਂ ਵਿੱਚ ਸਹੂਲਤਾਂ ਦਿਉ, ਜਿਹੜੀ ਭਾਸ਼ਾ ਸਿੱਖਣ ਦੀ ਲੋੜ ਹੈ, ਉਹ ਲੋਕ ਖੁਦ ਹੀ ਸਿੱਖ ਲੈਣਗੇ। ਡਾ. ਜੋਗਾ ਸਿੰਘ ਦੇ ਕਹਿਣ ਅਨੁਸਾਰ. "ਇਹ ਦਲੀਲ ਹੀ ਬੜੀ ਖ਼ਤਰਨਾਕ ਹੈ ਕਿ ਭਾਰਤ ਦੀ ਕੋਈ ਰਾਸ਼ਟਰ ਭਾਸ਼ਾ ਹੋਣੀ ਚਾਹੀਦੀ ਹੈ। ਭਾਰਤ ਦੀ ਕੋਈ ਅਜੇ ਸੰਵਿਧਾਨਿਕ ਰਾਸ਼ਟਰ ਭਾਸ਼ਾ ਨਹੀਂ ਹੈ। ਦਰਅਸਲ ਪਹਿਲਾਂ ਰਾਸ਼ਟਰ ਭਾਸ਼ਾ ਹੁੰਦੀ ਹੈ, ਫਿਰ ਉਸ ਦੇ ਅਧਾਰ ਤੇ ਰਾਸ਼ਟਰ ਬਣਦੇ ਹਨ। ਸੱਚ ਤਾਂ ਇਹ ਵੀ ਹੈ ਕਿ ਜਰਮਨੀ ਭਾਸ਼ਾ ਦੇ ਅਧਾਰ ਤੇ ਜਰਮਨੀ ਦੇਸ਼ ਬਣ ਗਿਆ, ਫਰਾਂਸੀਸੀ ਬੋਲਣ ਵਾਲੇ ਇਲਾਕੇ ਵਿੱਚ ਫਰਾਂਸ ਬਣ ਗਿਆ। ਜੇ ਅਸੀਂ ਕਹਿ ਰਹੇ ਹਾਂ ਕਿ ਭਾਰਤ ਵੀ ਰਾਸ਼ਟਰ ਭਾਸ਼ਾ ਹੋਣੀ ਚਾਹੀਦੀ ਹੈ ਤਾਂ ਮਤਲਬ ਇਹ ਹੈ ਕਿ ਅਸੀਂ ਮੰਨਦੇ ਹਾਂ ਕਿ ਭਾਰਤ ਅਜੇ ਰਾਸ਼ਟਰ ਨਹੀਂ ਬਣਿਆ। ਭਾਰਤ ਵਿੱਚ ਸਾਰੀਆਂ ਭਾਸ਼ਾਵਾਂ ਦੀ ਸਮਾਨਤਾਂ ਸੰਵਿਧਾਨਿਕ ਤੌਰ ਤੇ ਹੈ ਤੇ ਹਰ ਭਾਸ਼ਾ ਦੀ ਸਮਾਨਤਾ ਸਥਾਪਤ ਹੋਣੀ ਚਾਹੀਦੀ ਹੈ।

ਸੰਨ 1999 ਤੋਂ ਹਰ ਸਾਲ 21 ਫਰਬਰੀ ਨੂੰ ਅੰਤਰਰਾਸ਼ਟਰੀ ਮਾਤ ਭਾਸ਼ਾ ਦਿਵਸ ਵਜੋਂ ਮਨਾਇਆ ਜਾਂਦਾ ਹੈ। ਇਹ ਦਿਨ ਬੰਗਲਾ ਦੇਸ਼ ਦੇ ਪੰਜ ਸ਼ਹੀਦਾਂ-ਅਬੁਲ ਬਰਕਤ, ਅਬਦੁਲ ਜਾਬਰ, ਰਫ਼ੀਕੁਦੀਨ ਅਹਿਮਦ, ਅਬਦੁਸ ਸਲਾਮ ਅਤੇ ਸ਼ਫ਼ਿਉਰ ਰਹਿਮਾਨ ਦੀ ਯਾਦ ਵਿੱਚ ਮਨਾਇਆ ਜਾਂਦਾ ਹੈ ਜਿਨ੍ਹਾਂ ਨੇ ਆਪਣੀ ਮਾਤਭਾਸ਼ਾ ਬੰਗਲਾ ਨੂੰ ਯੋਗ ਸਥਾਨ ਦਿਵਾਉਣ ਲਈ ਪਾਕਿਸਤਾਨ ਸਰਕਾਰ ਵਿਰੁੱਧ ਮੁਜ਼ਾਹਰਾ ਕਰਦਿਆਂ 21 ਫ਼ਰਬਰੀ, 1952 ਨੂੰ ਢਾਕਾ ਵਿਖੇ ਸ਼ਹੀਦੀਆਂ ਪਾਈਆਂ ਸਨ। – ਸੰਪਾਦਕ

❊ ❊ ❊ ❊ ❊

ਇਹ ਬੋਲੀ ਹੈ ਸਿਰਲੱਥਾਂ ਦੀ ਜੋਧਿਆਂ ਤੇ ਬਲਕਾਰਾਂ ਦੀ,
ਭੰਗੜੇ ਦੇ ਵਿੱਚ ਮੁੰਡਿਆਂ ਦੀ, ਗਿੱਧਿਆਂ ਵਿੱਚ ਮੁਟਿਆਰਾਂ ਦੀ,
ਇਹ ਬੋਲੀ ਖੁਸ਼ੀਆਂ ਗਮੀਆਂ ਦੀ, ਮੇਲੇ ਤੇ ਤਿਉਹਾਰਾਂ ਦੀ,
ਇਹ ਮਿੱਤਰਾਂ ਦੇ ਲਈ ਮੋਹ ਵਰਗੀ ਤੇ ਵੈਰੀ ਲਈ ਵੰਗਾਰਾਂ ਦੀ।
ਪੰਜਾਬੀ ਰਾਜ ਦੀ ਬੋਲੀ ਹੈ, ਮੰਨ ਜਾਹ 'ਮਾਨਾ' ਤਰਕਾਰ ਨਾ ਕਰ ਓ
ਵਾਸੀ ਧਰਤ ਪੰਜਾਬ ਦਿਆ, ਪੰਜਾਬੀ ਤੋਂ ਇਨਕਾਰ ਨਾ ਕਰ।

ਸਵ: ਗਿਆਨੀ ਮਾਨ ਸਿੰਘ 'ਮਾਨ'
ਪਿੰਡ ਝੱਲੀਆਂ ਖੁਰਦ (ਰੂਪਨਗਰ)

### ਵਿਦੇਸ਼ਾਂ ਵਿੱਚ ਮਾਣਮੱਤੀ ਪੰਜਾਬਣ

## ਮਨਪ੍ਰੀਤ ਮੋਨਿਕਾ ਸਿੰਘ

ਭਾਰਤੀ ਮੂਲ ਦੀ ਮਨਪ੍ਰੀਤ ਮੋਨਿਕਾ ਸਿੰਘ ਅਮਰੀਕਾ ਵਿੱਚ ਪਹਿਲੀ ਸਿੱਖ ਮਹਿਲਾ ਜੱਜ ਬਣਨ ਦੇ ਪੂਰੀ ਦੁਨੀਆਂ ਵਿੱਚ ਚਰਚੇ ਹੋਏ ਹਨ। ਉਸ ਦੀ ਇਸ ਪ੍ਰਾਪਤੀ ਨਾਲ ਭਾਰਤੀਆਂ ਅਤੇ ਖ਼ਾਸ ਕਰ ਕੇ ਪੂਰੇ ਸਿੱਖ ਭਾਈਚਾਰੇ ਦਾ ਸਿਰ ਮਾਣ ਨਾਲ ਉੱਚਾ ਹੋਇਆ ਹੈ। ਮੋਨਿਕਾ ਨੇ ਟੈਕਸਾਸ ਵਿਖੇ ਹੈਰਿਸ ਕਾਉਂਟੀ ਸਿਵਲ ਕੋਰਟ ਵਿੱਚ 6 ਜਨਵਰੀ, 2023 ਨੂੰ ਅਹੁਦਾ ਸੰਭਾਲਿਆ



ਹੈ। ਇਸ ਮੌਕੇ ਸਮਾਗਮ ਦੀ ਪ੍ਰਧਾਨਗੀ ਸੂਬੇ ਦੇ ਪਹਿਲੇ ਦੱਖਣ-ਏਸ਼ਿਆਈ ਜੱਜ ਰਵੀ ਸੰਦਿਲ ਨੇ ਕੀਤੀ। ਉਨ੍ਹਾਂ ਨੇ ਕਿਹਾ ਕਿ ਮਨਪ੍ਰੀਤ ਸਿੱਖ ਕੌਮ ਲਈ ਹੀ ਨਹੀਂ ਸਗੋਂ ਵਿਸ਼ਵ ਭਰ ਦੀਆਂ ਔਰਤਾਂ ਲਈ ਪ੍ਰੇਰਨਾ ਸਰੋਤ ਬਣ ਗਈ ਹੈ। ਸਹੁੰ ਚੁੱਕ ਸਮਾਗਮ ਵਿੱਚ ਵੱਡੀ ਗਿਣਤੀ ਭਾਰਤੀ ਮੂਲ ਦੇ ਲੋਕ ਅਦਾਲਤ ਵਿੱਚ ਮੌਜੂਦ ਸਨ। ਇਹ ਸਿੱਖ ਕੋਮ ਲਈ ਬਹੁਤ ਮਾਣਭਰਪੂਰ ਪਲ ਸੀ। ਇਸ ਸਮੇਂ ਮੋਨਿਕਾ ਨੇ ਕਿਹਾ ਕਿ ਉਹ ਹਿਊਸਟਨ ਦੀ ਨੁਮਾਂਇੰਦਗੀ ਕਰਦੀ ਹੈ ਅਤੇ ਉਹ ਖੁਸ਼ ਹੈ ਕਿ ਇਹ ਅਹੁਦਾ ਮੇਰੇ ਲਈ ਮਹੱਤਤਾ ਰਖਦਾ ਹੈ।

ਮੋਨਿਕਾ ਦੇ ਪਿਤਾ ਇੱਕ ਆਰਕੀਟੈਕਟ ਹਨ ਜੋ 1970 ਦੇ ਦਹਾਕੇ ਦੌਰਾਨ ਅਮਰੀਕਾ ਗਏ ਸੀ। ਉਸ ਸਮੇਂ ਉਨ੍ਹਾਂ ਨੂੰ ਆਪਣੀ ਦਸਤਾਰ ਕਾਰਨ ਨਸਲੀ ਭੇਦਭਾਵ ਦਾ ਸਾਹਮਣਾ ਕਰਨਾ ਪਿਆ ਸੀ। ਮੋਨਿਕਾ ਹਿਊਸਟਨ ਵਿੱਚ ਜੰਮੀ-ਪਲੀ ਹੈ। ਉਸ ਨੇ ਕਲੇਨ ਫ਼ਾਰੈਸਟ ਹਾਈ ਸਕੂਲ ਅਤੇ ਯੂਨੀਵਰਸਿਟੀ ਆਫ਼ ਟੈਕਸਾਸ ਵਿਖੇ ਪੜ੍ਹਾਈ ਤੋਂ ਬਾਅਦ ਸਾਊਥ ਟੈਕਸਾਸ ਕਾਲਜ ਆਫ਼ ਲਾਅ ਵਿਖੇ ਕਾਨੂੰਨ ਦੀ ਪੜ੍ਹਾਈ ਕੀਤੀ। ਉਹ 20 ਸਾਲ ਦੇ ਕਰੀਬ ਅਦਾਲਤਾਂ ਵਿੱਚ ਅਟਾਰਨੀ ਰਹਿ ਚੁੱਕੀ ਹੈ ਅਤੇ 100 ਤੋਂ ਵੱਧ ਮੁਕੱਦਮੇ ਲੜ ਚੁੱਕੀ ਹੈ। ਉਹ ਸਥਾਨਕ, ਸੂਬਾ ਅਤੇ ਕੌਮਾਂਤਰੀ ਪੱਧਰ ਦੀਆਂ ਅਨੇਕਾਂ ਜਥੇਬੰਦੀਆਂ ਨਾਲ ਵੀ ਜੁੜੀ ਹੋਈ ਹੈ।

ਮੋਨਿਕਾ ਦਾ ਵਿਆਹ 19 ਸਾਲ ਪਹਿਲਾਂ ਮਨਦੀਪ ਸਿੰਘ ਨਾਲ ਹੋਇਆ ਸੀ। ਉਹ ਆਪਣੇ ਦੋ ਬੇਟਿਆਂ ਨਾਲ ਹਿਊਸਟਨ ਦੇ ਬਲੈਰੇ ਇਲਾਕੇ ਵਿੱਚ ਰਹਿ ਰਹੇ ਹਨ। ਮਨਪ੍ਰੀਤ ਮੋਨਿਕਾ ਸਿੰਘ ਨੇ ਅਮਰੀਕਾ ਦੀ ਧਰਤੀ 'ਤੇ ਜੱਜ ਬਣ ਕੇ ਇਤਿਹਾਸ ਸਿਰਜ ਦਿੱਤਾ ਹੈ।

❊ ❊ ❊ ❊ ❊



## TOURAGES (UDASIS) OF GURU NANAK

Harbans Singh Principal
(Retired),Ropar
Phone-6177085071

Moroccan Scholar Ibn Battula (1304-1377) is considered as First traveller of the world because of his vast range of travel and over 30 years he spent alone. In 14th Century this wanderer covered 75000 miles across Africa, the Middle East, India And South East Asia. Guru Nanak Dev travelled 28000 miles in less than 25 years. Guru Nanak Dev gave a world wide message of "Truth,Peace, Love, welfare of all, Unity of God and Universal Brotherhood." He left far good impact on the people of other faiths and he is respected by them even after centuries

**Guru Nanak Dev in Purtogal and Spain-** Whereever Guru Nanak Dev heard of injustice, cruelity and crime against humanity across the world, he went there for the abolution of all those. So Guru Sahib visited Purtogal and Spain in 1520. There slaves-men,women and children were purchased and sold like animals. They were crushed with the police-horses and were got eaten by hounds. To the endless horrible crimes against humanity no one was to check. Seville in Spain and Lisbon were the biggest markets of Europe for slaves. "The story of the Atlantic Slaves Trade 1440-1870" by Huge Thomas refers to Guru Nanak and Bhai Mardana as slaves with their hands tied and faces covered with cloth. One co-slave lady with her teeth cut the rope of Baba Nanak's hands.(Ref. Dabistan-i-Majhahib, by Mohsin Fani, 1645) and by courtesy of the book,"Guru Nanak in The Eyes of Non-Sikhs by Sarjit Singh Bal 1969". The biggest proof for Guru Sahib's visit to Purtogal, Spain and North East Africa is the last 'Swayya' of Bhatt Kal " Swayye Mohalle Pehle Ke" at page 1390 of SGGS.

**Guru Nanak Dev in Iran and Istanbul in Turkey-** In 1521 Guru Ji went to India via Turkey,Istanbul, Kabul, Jalabad, Peshawar And Punja Sahib. At Present there are nearly 100 sikh families living in Tehran. Here first Gurdwara was founded in 1941 and the current building constructed in 1967. In 1994, Devinder Singh Chahal of Canada went to Istanbul to present his research papers on Bioenergy. He chanced to see a stone monument in public park in the Strait of Bospouras. He could understand word,' Nanak' on the monument written in Persian Language.



**Guru Nanak Dev in Egypt-** Giani Gian Singh and Surinder Singh Kohli are absolutely right when they say that a Sikh Regiment went to Cairo(Egypt) on their way to Suddan in 1885-86. They saw a platform(Chabutra) in the Citadel, it has been learnt that a this platform still exists in honour of the visit of Guru Ji in the suburban area of Cairo. When Guru Nanak visited in 1519, Cairo was called 'Kaikai'. From Madina, Guru Ji had come to Cairo in Egypy-Mimsr.

In Egypy there was a Badshah Sultan Hameed Karu. He was very cruel to people and wanted to amass wealth of his whole country into his own hands. He left not a single penny with his subjects and made 40 dunes of wealth in his possession. So much so, he put his younger daughter on sale just to get more money. One youth came to his widow mother and

demanded a rupee from her. The helpless old lady said that the king has not left not a single rupee with his subjects. From where should I give you a rupee? The boy insisted time and again. At last, the woman said," when your father had died, coin of one rupee was put in his mouth and he was buried. Go and get that rupee" The Young did the same. Ultimately the rupee came in the hands of Sultan Hameed Karu and to he came to know that the dead bodies in each grave have one rupee coin in the mouth of dead body. The miser greedy cruel king ordered to open the graves to collect the coins and deposit those with the king.

When Guru Nanak came there all the holly men, saints, Peers and Fakirs assembled to hear Guru Ji' semons which affected positively. Sultan Hameed Karu also came. Guru Nanak told Hameed Karu to have his needle and return that in the Dargah after the death of the both. Hameed Karu said," How will I return your needle when I have to go empty handed like Sikander, the great?" Guru Sahib said," Then what for you have amassed this wealth"? Sultan Hameed Kauru realized his foolishness and repented. Feeling himself a guilty conscience he fell upon the feet of Guru Nanak Dev and begged for pardon for his misdeeds. He requested Guru Ji to help him to become a nobleman. Guru Ji told Hameed to return all wealth to the poor needy people of his country. Peer jalal, the spiritual mentor of Sultan Hameed also met Guru Nanak to save the people from the king's harshness. Guru Ji recited the Shabad," Patalan Patal Lakh Agasan Aagass…." to remove his doubt of 14 heavenly earths and skies as given in Quran.

This place was visited by 15th Sikh Regiment of the British Indian Army when it went to fight with king Mahidi in 1885.

From the book," Guru Nanak Dev Ji Dian Udasian" written by Harbans Singh, Sikhi Sroop Publishers Somerville MA USA.

## Donors of Saini Bhawan

During the preceeding three months following Institutions/Persons have donated to Saini Bhawan Rupnagar-

**A) For the development of Saini Bhawan-**

1. Mrs. Jaya saini d/o S. Amarjit Singh Saini, Managing Director, St. Carmel School Katli, Distt. Rupnagar- Rs.21000/
2. Trust For the Welfare of Vanjara and Other Backward classes of Society, Mohali- Rs. 15000/
3. S. Puran Singh # 67 Soloman St. Brookefield Toranga (Newzeland)- 10000/
4. Dr. Sowaran Singh Rtd Prof.PAU Ludhiana, Professor Colony Ludhiana- Rs.6000/
5. S. Joginder Singh Diwana, # 79, Waterside Olive, PYES-PA Toranga (Newzeland)- Rs.5000/
6. Distt Police Sanjh Kendra, Rupnagar – Rs. 2500/
7. Sh Surrinder Saini, Director Nehru Yuvak Sangathan, # Govind Valley .Rupnagar – Rs.2100/
8. Smt. Anita Saini Sister of Egr. Chander Shekhar # Rupnagar- Rs.2100/
9. Rotary Club Rupnagar- Rs.2100/
10. Sh. Parvinder Saini # Piara Singh Colony Rupnagar- Rs. 2100/
11. Guru Nanak Karyana Store Paprala, Rupnagar- Confectionary for Blood Donation Camp
12. Rajni Herbals, Malikpur Distt. Rupnagar- Gifts for Blood Donors in Camp.

**B) For Scholarships to Students-**

1. Terjindermeet Singh Vill. Kherabad Distt. Rupnagar- Rs. 25000/
2. Adv. Mohinder Singh Bhalian, Rupnagar- Rs. 21000/
3. S.Amrik Singh # 21, Ranjit Avenue, Rupnagar- Rs. 6000/

ਕਹਾਣੀ

# ਚੰਗਾ ਭਾਈ ਮੈਂ ਚਲਦਾਂ

**ਮਨਜੀਤ ਸਿੰਘ ਤੰਬੜ**
ਪਿੰਡ ਪੰਜੌੜ (ਹੁਸ਼ਿਆਰਪੁਰ)



ਓਦੋਂ ਸੰਦੀਪ ਦਾ ਨਵਾਂ ਨਵਾਂ ਵਿਆਹ ਹੋਇਆ ਸੀ। ਉਸ ਨੂੰ ਨਾਟਕ ਪੜ੍ਹਨ ਦਾ ਬੜਾ ਸ਼ੌਕ ਸੀ। ਉਸ ਨੇ ਨਵਾਰੀ ਪਲੰਘ 'ਤੇ ਪਈ ਪਈ ਨੇ ਨਾਟਕ ਦੇ ਤਿੰਨ ਭਾਗ ਪੜ੍ਹ ਲਏ ਸਨ। ਸਾਰੇ ਨਾਟਕ ਵਿੱਚ ਪਤੀ-ਪਤਨੀ ਪਾਤਰਾਂ ਦਾ ਝਗੜਾ ਹੀ ਰਿਹਾ। ਇਸਤਰੀ ਪਾਤਰ ਰਾਣੀ, ਸੁੰਦਰ ਤੇ ਸੁਨੱਖੀ ਹੋਣ ਦੇ ਨਾਲ ਨਾਲ ਖੁੱਲ੍ਹੇ ਤੇ ਆਜ਼ਾਦ ਸੁਭਾਅ ਵਾਲੀ ਪੜ੍ਹੀ-ਲਿਖੀ ਔਰਤ ਤਾਂ ਜ਼ਰੂਰ ਸੀ ਪਰ ਉਸ ਦੀ ਜ਼ੁਬਾਨ ਕੈਂਚੀ ਵਾਂਗ ਹਰ ਵੇਲੇ ਕੱਟ-ਕੱਟ ਕਰਦੀ ਰਹਿੰਦੀ। ਪਤੀ, ਤਾਰੀ ਦੀ ਗਲ ਤਾਂ ਥੱਲੇ ਪੈਂਣ ਈ ਨੀ ਸੀ ਦਿੰਦੀ। ਤਾਰੀ, ਰਾਣੀ ਦੇ ਇਸੇ ਖੁੱਲ੍ਹੇ ਤੇ ਬੜਬੋਲੇ ਸੁਭਾਅ ਤੋਂ ਬੜਾ ਪ੍ਰੇਸ਼ਾਨ ਸੀ। ਨਾਟਕਕਾਰ ਨੇ ਨਾਟਕ ਵਿੱਚ ਪਤੀ-ਪਤਨੀ ਦੇ ਆਪਸੀ ਰਿਸ਼ਤੇ ਵਿੱਚ ਆਉਣ ਵਾਲੀਆਂ ਛੋਟੀਆਂ ਛੋਟੀਆਂ ਗਲਤ ਫ਼ਹਿਮੀਆਂ ਨੂੰ ਆਪਸੀ ਵਾਰਤਾਲਾਪ ਰਾਹੀਂ ਸੁਲਝਾਉਣ ਦੀ ਕੋਸ਼ਿਸ਼ ਕੀਤੀ ਸੀ। ਪਰ ਇਕ ਦਿਨ ਰਾਣੀ ਦੀਆਂ ਹਰਕਤਾਂ ਤੋਂ ਤੰਗ ਆ ਕੇ ਗੁੱਸੇ ਨਾਲ ਭਰੇ ਤਾਰੀ ਨੇ ਰਾਣੀ ਦੇ ਸਿਰ ਵਿੱਚ ਕੁਹਾੜੀ ਨਾਲ ਵਾਰ ਕਰ ਦਿੱਤਾ। ਸੰਦੀਪ ਦਾ ਦਿੱਲ ਕੰਬ ਗਿਆ। ਉਸ ਨੂੰ ਡਰ ਲੱਗਣ ਲ਼ੱਗਾ। ਉਸ ਨੇ ਕਿਤਾਬ ਬੰਦ ਕਰ ਦਿੱਤੀ। ਸੰਦੀਪ ਨੇ ਨਾਲ ਪਏ ਆਪਣੇ ਪਤੀ, ਸੁਖਦੇਵ ਵੱਲ ਦੇਖਿਆ, ਉਹ ਸੁੱਤਾ ਪਿਆ ਸੀ। ਉਹ ਆਪਣੀ ਸੱਜੀ ਬਾਂਹ ਆਪਣੇ ਪਤੀ ਉੱਤੇ ਰੱਖ ਕੇ ਨਾਟਕ ਦੀ ਪਾਤਰ ਰਾਣੀ ਨੂੰ ਸਮਝਾਉਣ ਲੱਗੀ, " ਦੇਖ ਰਾਣੀ ! ਪਤੀ-ਪਤਨੀ ਦਾ ਰਿਸ਼ਤਾ ਆਪਸੀ ਵਿਸ਼ਵਾਸ਼ ਦੇ ਕੱਚੇ ਤੰਦ ਨਾਲ ਬੱਝਾ ਹੁੰਦਾ ਹੈ। ਇਕ ਵਾਰ ਔਰਤ ਉੱਤੋਂ ਮਰਦ ਦਾ ਵਿਸ਼ਵਾਸ ਉਠ ਗਿਆ, ਫਿਰ ਔਰਤ ਚਾਹੇ ਦੁੱਧ-ਧੋਤੀ ਬਣ ਜਾਏ ਪਰ ਮਰਦ ਨੂੰ ਯਕੀਨ ਨੀ ਆਉਂਦਾ। ਔਰਤ ਦਾ ਚਰਿੱਤਰ ਈ ਤਾਂ ਹੁੰਦੈ, ਉਸ ਦੇ ਆਪ ਸੰਭਾਲਣ ਵਾਲੀ ਬਹੁਮੁੱਲੀ ਵਸਤੂ। ਰੂਪ ਤਾਂ ਰੱਬ ਦਾ ਦਿੱਤਾ ਹੁੰਦਾ। ਓਹਦਾ ਕਾਹਦਾ ਮਾਣ"।

ਵਿਆਹ ਤੋਂ ਕੁੱਝ ਚਿਰ ਬਾਅਦ ਸੰਦੀਪ ਨੂੰ ਇਕ ਪ੍ਰਾਈਵੇਟ ਦਫ਼ਤਰ ਵਿੱਚ ਨੌਕਰੀ ਮਿਲ ਗਈ। ਪਤੀ ਸੁਖਦੇਵ, ਪਿੰਡ ਤੋਂ ਥੋੜ੍ਹੀ ਦੂਰ ਇਕ ਪਸ਼ੂਆਂ ਦੇ ਹਸਪਤਾਲ ਵਿੱਚ ਡਾਕਟਰ ਦਾ ਸਹਾਇਕ ਸੀ। ਗੁਜ਼ਾਰਾ ਵਧੀਆ ਚਲ ਰਿਹਾ ਸੀ। ਸੰਦੀਪ ਦੀ ਡਿਊਟੀ ਸ਼ਿਫਟਾਂ ਵਾਲੀ ਸੀ। ਦਿਨੇ ਦੀ ਸ਼ਿਫਟ ਵੇਲੇ ਸੁਖਦੇਵ, ਸੰਦੀਪ ਨੂੰ ਉਸ ਦੇ ਦਫਤਰ ਛੱਡ ਆਉਂਦਾ ਤੇ ਛੁੱਟੀ ਵੇਲੇ ਲੈ ਵੀ ਆਉਂਦਾ। ਪਰ ਅਗਲੇ ਦੋ ਹਫ਼ਤੇ ਦੀਆਂ ਸ਼ਿਫਟਾਂ ਲਈ ਬੜੀ ਤੰਗੀ ਹੁੰਦੀ। ਸੁਖਦੇਵ ਦੀ ਦੌੜ ਲੱਗੀ ਰਹਿੰਦੀ। ਪਰ ਜਦੋਂ ਦਾ ਗੁਆਂਢੀ ਮੁੰਡਾ ਮਨਦੀਪ, ਸੰਦੀਪ ਦੇ ਦਫ਼ਤਰ ਵਿੱਚ ਦਰਜਾ ਚਾਰ ਮੁਲਾਜ਼ਮ ਲੱਗਾ ਸੀ, ਸੁਖਦੇਵ ਦਾ ਕੰਮ ਕਾਫ਼ੀ ਹਲਕਾ ਹੋ ਗਿਆ ਸੀ। ਸੁਖਦੇਵ ਨੂੰ ਸਰਕਾਰੀ ਕੰਮ ਲਈ ਜੇ ਕਿਤੇ ਦੂਰ ਨੇੜੇ ਜਾਣਾ ਪੈਂਦਾ ਤਾਂ ਉਹ ਆਪ ਹੀ ਮਨਦੀਪ ਨੂੰ ਆਖ ਦਿੰਦਾ,"ਮਨਦੀਪ! ਆਪਣੀ ਭਾਬੀ ਨੂੰ ਅੱਜ ਦਫ਼ਤਰ ਛੱਡ ਆਈਂ"। ਸੰਦੀਪ, ਮਨਦੀਪ ਨਾਲ ਦਫ਼ਤਰ ਚਲੇ ਜਾਂਦੀ। ਮੁੰਡਾ ਸ਼ਰੀਫ ਸੀ। ਆਖਾ ਮੰਨ ਜਾਂਦਾ। ਪਤੀ-ਪਤਨੀ ਦਾ ਰੁਝੇਵਿਆਂ ਭਰਿਆ ਜੀਵਨ ਹੱਸਦਿਆਂ-ਖੇਡਦਿਆਂ ਬਿਨਾਂ ਕਿਸੇ ਰੋਕ -ਟੋਕ ਦੇ ਮੈਦਾਨੀ ਨਦੀ ਦੇ ਪਾਣੀ ਵਾਂਗ ਸ਼ਾਂਤ ਲੰਘ ਰਿਹਾ ਸੀ। ਸੰਦੀਪ ਨੂੰ ਇਕ ਝੋਰਾ ਕਦੀ ਕਦਾਈਂ ਉਦਾਸ ਕਰਦਾ ਸੀ। ਪੰਜ ਸਾਲ ਬੀਤ ਜਾਣ ਦੇ ਬਾਅਦ ਵੀ ਉਸ ਨੂੰ ਮਾਂ ਬਣਨ ਦਾ ਸੁਭਾਗ ਨਹੀਂ ਸੀ ਮਿਲਿਆ। ਸੁਖਦੇਵ ਦੇ ਪਿਆਰ ਨੇ ਇਸ ਕਮੀ ਨੂੰ ਵੀ ਜ਼ਿੰਦਗੀ ਦੀਆਂ ਖੁਸ਼ੀਆਂ ਉੱਤੇ ਹਾਵੀ ਨਹੀਂ ਸੀ ਹੋਣ ਦਿੱਤਾ।

ਸੁਖਦੇਵ ਖਾਣ-ਪੀਣ ਦਾ ਸ਼ੌਕੀਨ ਪਹਿਲਾਂ ਹੀ ਸੀ, ਹੁਣ ਹੋਰ ਸਮਾਂ ਮਿਲਣ ਲੱਗ ਪਿਆ। ਸੰਦੀਪ ਨੂੰ ਦਫ਼ਤਰ ਛੱਡਣ ਤੇ ਲੈ ਕੇ ਆਉਣ ਦਾ ਬਹੁਤਾ ਝਮੇਲਾ ਵੀ ਖਤਮ ਹੋ ਗਿਆ ਸੀ। ਸੰਦੀਪ, ਮਨਦੀਪ ਨਾਲ ਕੰਮ 'ਤੇ ਚਲੀ ਜਾਂਦੀ ਤੇ ਆ ਵੀ ਉਸੇ ਨਾਲ ਜਾਂਦੀ। ਸੁਖਦੇਵ ਹਸਪਤਾਲ ਤੋਂ ਆਉਂਦਾ ਹੋਇਆ ਪਾਈਆ ਦਾਰੂ ਦਾ ਪੀ ਆਉਂਦਾ, ਪਾਈਆ ਹੋਰ ਘਰ ਆ ਕੇ ਪੀ ਲੈਂਦਾ। ਦੋ-ਚਾਰ ਪਿਆਕੜ ਸਾਥੀ ਮਿਲ ਜਾਂਦੇ ਤਾਂ ਬੋਤਲ ਵੀ ਲੱਗ ਜਾਂਦੀ। ਜੈਲਾ ਵੈਲੀ ਤਾਂ ਨਿੱਤ ਤੀਸਰੇ ਦਿਨ ਸੁਖਦੇਵ ਨਾਲ ਘਰ ਆਉਣ ਲਗ ਪਿਆ। ਸੰਦੀਪ ਨੇ ਗੱਲਾਂ ਨਾਲ ਈ ਸੁਖਦੇਵ ਨੂੰ ਸਮਝਾਇਆ," ਦੇਖੋ ਜੀ ! ਬੇਗਾਨੇ ਬੰਦੇ ਰੋਜ਼ ਆ ਕੇ ਤੁਹਾਡੇ ਨਾਲ ਸ਼ਰਾਬਾਂ ਪੀਣ, ਇਹ ਮੈਨੂੰ ਰਤੀ ਚੰਗਾ ਨੀ ਲੱਗਦਾ। ਹਾਅ ਕਾਣੇ ਜੇਹੇ ਜੈਲੇ ਵੈਲ਼ੀ ਦਾ ਤੁਹਾਡੇ ਨਾਲ ਘਰ ਆਉਣਾ ਤਾਂ ਮੈਂਨੂੰ ਮੂਲੋਂ ਪਸੰਦ ਨੀ। ਏਹਦੇ ਅੰਦਰ ਕੋਈ ਖੋਟ ਲਗਦਾ ਮੈਨੂੰ। ਲੋਕਾਂ ਦੇ ਫਿਰ ਮੂੰਹ ਕਿਵੇਂ ਬੰਦ ਕਰਾਂਗੇ, ਜੇ ਉਲਟੀ ਸਿੱਧੀ ਕੋਈ ਤੋਹਮਤ ਲਗ ਗਈ। ਨਾਲੇ ਤੁਸੀਂ ਵੀ ਸ਼ਰਾਬ ਪੀਣੀ ਘੱਟ ਕਰੋ। ਬਹੁਤੀ ਪੀਣੀ ਠੀਕ ਨੀ ਹੁੰਦੀ"। ਉਸ ਨੇ ਲੋਕਾਂ ਦੇ ਪੁੱਠੇ ਦਿਮਾਗ ਦੀ ਸੋਚ, ਆਪਣੇ ਮੂੰਹੋਂ ਇਸ਼ਾਰੇ ਨਾਲ ਦੱਸ ਦਿੱਤੀ।

"ਲੈ ਦਸ ਕਮਲੀ, ਜੇ ਦੋ ਘੁੱਟ ਦਾਰੂ ਉਹ ਪੀ ਵੀ ਜਾਂਦਾ, ਤਾਂ ਕੀ ਘਟ ਜਾਂਦੈ ਸਾਡਾ। ਆਪੇ ਰੱਬ ਹੋਰ ਦੇਊ। ਆਪਾਂ ਕੀ ਲੈਣੈ ਚੰਗੇ ਮਾੜੇ ਤੋਂ? ਊਂ.. ਜੈਲਾ ਹੋਰਾਂ ਲਈ ਹੋਊ ਜਿਮੇਂ ਮਰਜੀ, ਆਪਾਂ ਦੀ ਸੋਹ ਨੀ ਖਾਂਦਾ। ਆਪਣੀ ਨੀਤ ਸਾਫ ਰੱਖੋ, ਬੋਲਣ ਦਿਓ ਸਾਲੇ ਲੋਕਾਂ ਨੂੰ। ਅਸੀਂ ਮੰਗਣ ਨੀ ਜਾਂਦੇ ਕਿਸੇ ਤੋਂ",ਸੁਖਦੇਵ ਲੋਰ ਜਿਹੀ ਵਿੱਚ ਹੱਥ ਘੁਮਾਉਂਦਾ ਆਖ ਦਿੰਦਾ। ਸੰਦੀਪ ਦੇ ਦਿਨ ਟੱਪਿਆਂ ਨੂੰ ਵੀ ਕਈ ਦਿਨ ਹੋ ਗਏ ਸਨ। ਉਹ, ਸੁਖਦੇਵ ਨੂੰ ਖੁਸ਼ਖ਼ਬਰੀ ਦੇਣ ਵਾਰੇ ਦਫਤਰੋਂ ਸੋਚ ਕੇ ਆਉਂਦੀ, ਪਰ ਘਰ ਆਉਂਣ ਤੱਕ ਉਹ ਸ਼ਰਾਬੀ ਹਾਲਤ ਵਿੱਚ ਪਿਆ ਹੁੰਦਾ। ਹਰ ਵਾਰ ਸੰਦੀਪ ਦੀ ਖੁਸ਼ੀ ਦਾ ਗ਼ਲ਼ਾ

ਘੁੱਟਿਆ ਜਾਂਦਾ।

ਸ਼ਰਾਬ ਪੀਣੀ ਸੁਖਦੇਵ ਦੀ ਕੰਮਜ਼ੋਰੀ ਬਣ ਗਈ। ਸੁਭਾਓ ਵੀ ਚਿੜਚਿੜਾ ਹੋ ਗਿਆ। ਸੰਦੀਪ ਰੋਕਦੀ ਤਾਂ ਮਰਨ-ਮਾਰਨ 'ਤੇ ਹੋ ਜਾਂਦਾ। ਕਈ ਕਈ ਦਿਨ ਡਿਊਟੀ 'ਤੇ ਵੀ ਨਾ ਜਾਂਦਾ। ਤਨਖ਼ਾਹ ਨਾਮਾਤਰ ਦੀ ਰਹਿ ਗਈ। ਜੈਲੇ ਦਾ ਘਰ ਆਉਣਾ ਜਾਣਾ ਹੋਰ ਵਧ ਗਿਆ। ਹੁਣ ਤਾਂ ਜੈਲਾ ਆਪੇ ਈ ਸ਼ਰਾਬ ਲੈ ਆਉਂਦਾ, ਅੱਧੀ-ਅੱਧੀ ਰਾਤ ਤੱਕ ਦੋਨੋ ਬੈਠੇ ਪੀਂਦੇ ਰਹਿੰਦੇ। ਘਰ ਦੀ ਜ਼ਿੰਮੇਵਾਰੀ ਦਾ ਸੁਖਦੇਵ ਨੂੰ ਕੋਈ ਪਤਾ ਨਹੀਂ ਸੀ।

ਕੰਮ ਦਾ ਸਾਰਾ ਬੋਝ ਸੰਦੀਪ ਸਿਰ ਆ ਪਿਆ। ਸਾਝਰੇ ਉੱਠ ਕੇ ਘਰ ਦੀ ਸਾਫ ਸਫਾਈ, ਰੋਟੀ-ਟੁੱਕ, ਸੁਖਦੇਵ ਲਈ ਸਵੇਰ ਦਾ ਨਾਸ਼ਤਾ ਤੇ ਦੁਪਹਿਰ ਦਾ ਖਾਣਾ ਤਿਆਰ ਕਰਦੀ ਕਈ ਵਾਰੀ ਦਫ਼ਤਰ ਤੋਂ ਵੀ ਲੇਟ ਹੋ ਜਾਂਦੀ। ਸਾਰਾ ਦਿਨ ਉਥੇ ਲੋਕਾਂ ਨਾਲ ਸਿਰ ਖਪਾਈ ਕਰਦੀ। ਹੁਣ ਛੁੱਟੀ ਵੇਲੇ ਘਰ ਦੇ ਸਮਾਨ ਦੀ ਖਰੀਦਦਾਰੀ ਕਰਨ ਲਈ ਬਜ਼ਾਰ ਵੀ ਜਾਣਾ ਪੈਂਦਾ। ਘਰ ਆਉਣ 'ਤੇ ਸੁਖਦੇਵ ਦੀਆਂ ਲੋੜਾਂ ਪੂਰੀਆਂ ਕਰਨੀਆਂ ਪੈਂਦੀਆਂ। ਉਹ ਬੈਠਾ-ਬੈਠਾ ਈ ਹੁਕਮ ਚਲਾਉਂਦਾ ਰਹਿੰਦਾ। ਫਿਰ ਵੀ ਸੰਦੀਪ ਨੇ ਸੁਖਦੇਵ ਦੇ ਕੰਮਾਂ ਲਈ ਕਦੇ ਮੱਥੇ ਵੱਟ ਨਹੀਂ ਸੀ ਪਾਇਆ। ਨਸ਼ੇ ਵਿੱਚ ਜੇ ਉਹ ਗਲਤ ਵੀ ਬੋਲ ਦਿੰਦਾ ਤਾਂ ਵੀ ਉਹ ਹੱਸ ਕੇ ਟਾਲ ਦਿੰਦੀ। ਕੋਲ ਬੈਠਾ ਜੈਲਾ ਉਸ ਵੱਲ ਟੀਰੀ ਜੇਹੀ ਅੱਖ ਨਾਲ ਦੇਖਦਾ ਤਾਂ ਉਸ ਨੂੰ ਜੈਲੇ ਕੋਲੋਂ ਭੈਅ ਆਉਣ ਲਗਦਾ।

ਸੰਦੀਪ ਨੂੰ ਐਤਵਾਰ ਦੀ ਛੁੱਟੀ ਸੀ। ਜੈਲਾ ਤੇ ਸੁੱਖਦੇਵ ਖੜ੍ਹੇ ਦਿਨ ਹੀ ਪੀਣ ਬੈਠ ਗਏ। ਸ਼ਾਮ ਤੱਕ ਪੂਰੇ ਟੱਲੀ ਹੋ ਗਏ। ਸੁੱਖਦੇਵ ਪੀਂਦਾ-ਪੀਂਦਾ ਮੰਜੇ ਦੀ ਬਾਹੀ ਨਾਲ ਲੁੜਕ ਗਿਆ। ਜੈਲਾ ਪਾਣੀ ਵਾਲਾ ਖਾਲੀ ਜੱਗ ਤੇ ਗਲਾਸ ਰੱਖਣ ਦੇ ਬਹਾਨੇ ਦੱਬੇ ਪੈਰੀਂ ਰਸੋਈ 'ਚ' ਆ ਗਿਆ। ਉਸ ਦੀ ਨੀਅਤ ਠੀਕ ਨਹੀਂ ਸੀ। ਰਸੋਈ ਵਿੱਚ ਕੁੱਝ ਕੱਟਦੀ, ਸੰਦੀਪ ਨੇ ਜੈਲੇ ਨੂੰ ਆਪਣੇ ਵੱਲ ਆਉਂਦਾ ਦੇਖ ਲਿਆ ਸੀ। ਇਸ ਤੋ ਪਹਿਲਾਂ ਕਿ ਜੈਲਾ ਆਪਣੇ ਹੱਥ ਦੀ ਪਕੜ ਉਸ ਦੀ ਬਾਂਹ 'ਤੇ ਹੋਰ ਮਜ਼ਬੂਤ ਕਰਦਾ, ਸੰਦੀਪ ਬਾਂਹ ਛੁਡਾਉਂਦੀ, ਰਸੋਈ ਤੋ ਬਾਹਰ ਨਿਕਲ ਗਈ।

"ਖਬਰਦਾਰ ਜੇ ਮੈਨੂੰ ਛੋਹਣ ਦੀ ਹਿੰਮਤ ਕੀਤੀ। ਆਹ ਛੁਰੀ ਢਿਡੱ ਤੋਂ ਪਾਰ ਕਰ ਦੇਊਂ"। ਕਈ ਦਿਨਾਂ ਤੋਂ ਜੈਲੇ ਦੀਆਂ ਗਲਤ ਹਰਕਤਾਂ ਤੋਂ ਸਤੀ ਹੋਈ ਸੰਦੀਪ ਨੇ ਆਪਣੇ ਹੱਥ ਦੀ ਛੁਰੀ ਇਵੇਂ ਜੈਲੇ ਵੱਲ ਕੀਤੀ ਜਿਵੇਂ ਸੱਚੀਂ ਹੀ ਮਾਰ ਦੇਣ ਲੱਗੀ ਹੈ। ਜੈਲੇ ਦਾ ਸਾਰਾ ਸਰੀਰ ਕੰਬ ਗਿਆ। ਉਸ ਦੀ ਸਾਰੀ ਪੀਤੀ ਲੱਥ ਗਈ। ਉਸ ਨੂੰ ਆਸ ਈ ਨਹੀਂ ਸੀ ਕਿ ਸਾਊ ਜੇਹੀ ਸੰਦੀਪ ਇਕ ਦਮ ਖੂੰਖਾਰ ਸ਼ੈਹਣੀ ਬਣ ਜਾਊ।

"ਚਲਾ ਜਾਹ! ਬੰਦੇ ਦਾ ਪੁੱਤ ਬਣ ਕੇ ਇਥੋਂ ਚੁਪ ਚਾਪ, ਹੋ ਜਾ ਘਰੋਂ ਬਾਹਰ", ਛੁਰੀ ਵਾਲਾ ਹੱਥ ਉਸ ਨੇ ਫੇਰ ਉਲਾਰਿਆ। ਜੈਲੇ ਨੇ ਦਰਵਾਜ਼ੇ ਤੱਕ ਦੋ ਛਾਲਾਂਗਾਂ ਕੀਤੀਆਂ।

ਸੰਦੀਪ ਦਾ ਸਰੀਰ ਵੀ ਕੰਬ ਗਿਆ। ਪਤਾ ਨਹੀਂ ਕਿੱਥੋਂ ਐਨੀ ਜਾਨ ਆਈ ਸੀ ਉਸ 'ਚ। ਚਲੋ ਬਲਾ ਟਲੀ। ਬੰਦੇ ਦਾ ਪੁੱਤ ਹੋਊ ਤਾਂ ਹੁਣ ਨਾ ਝਾਕੂ ਕਿਸੇ ਵੱਲ। ਸੰਦੀਪ ਨੂੰ ਆਪਣੀ ਏਨੀ ਵੱਡੀ ਦਲੇਰੀ 'ਤੇ ਮਾਣ ਸੀ।

ਹਫ਼ਤਾ ਬੀਤ ਗਿਆ। ਸੰਦੀਪ ਦਾ ਸੁਖਦੇਵ ਨੂੰ ਇਸ ਮਾੜੀ ਘਟਨਾ ਵਾਰੇ ਦੱਸਣ ਦਾ ਹੀਆ ਨਾ ਪਿਆ। ਉਹ ਸੁਖਦੇਵ ਨੂੰ ਦੁੱਖੀ ਨਹੀਂ ਸੀ ਕਰਨਾ ਚਾਹੁੰਦੀ।

ਇਸ ਘਟਨਾ ਨੂੰ ਹਾਲੇ ਥੋੜੇ ਈ ਦਿਨ ਹੋਏ ਸਨ। ਘਰ ਲਈ ਦੁਕਾਨ ਤੋਂ ਸਮਾਨ ਖਰੀਦਣ ਗਈ ਸੰਦੀਪ ਲੇਟ ਹੋ ਗਈ। ਮਨਦੀਪ, ਸੰਦੀਪ ਨੂੰ ਬਾਹਰ ਗੇਟ 'ਤੇ ਛੱਡ ਕੇ ਮੁੜ ਗਿਆ। ਅੱਜ ਫਿਰ ਜੈਲਾ ਤੇ ਸੁਖਦੇਵ ਘਰ 'ਚ ਇਕੱਠੇ ਬੈਠੇ ਪੀ ਰਹੇ ਸਨ। ਮੁੜਦੇ ਮਨਦੀਪ ਨੂੰ ਜੈਲੇ ਨੇ ਦੇਖ ਲਿਆ ਸੀ। ਉਹ ਬਿਨ ਬੁਲਾਏ ਚੁਪ-ਚਾਪ ਆਪਣੇ ਕਮਰੇ ਵਿਚ ਆ ਗਈ। ਉਸ ਨੂੰ ਪਤਾ ਵੀ ਨਾ ਲੱਗਿਆ ਕਦੋਂ ਸੁਖਦੇਵ ਨੇ ਆ ਕੇ ਸੰਦੀਪ ਦੇ ਵਾਲ ਫੜ ਲਏ,"ਆ ਗਈ ਏਂ ਕੁੱਤੀਏ! ਬਜ਼ਾਰ 'ਚ ਯਾਰ ਨਾਲ ਘੁੰਮ ਕੇ। ਤੈਨੂੰ ਸ਼ਰਮ ਨੀ ਆਉਂਦੀ? ਮੈਂ ਮਰ ਤਾਂ ਨੀ ਗਿਆ। ਹਾਲੇ ਜਿਉਂਦਾ ਹਾਂ। ਆਹ ਵੇਲਾ ਘਰ ਆਉਣ ਦਾ ਤੇਰਾ? ਬਜ਼ਾਰਾਂ 'ਚ ਹਰਾਮ ਦੇ ਨਿਆਣੇ ਲੱਭਦੀ ਹੋਣੀ ਏਂ",ਗੁੱਸੇ 'ਚ ਤਪਿਆ ਹੋਇਆ ਸੁੱਖਦੇਵ, ਸੰਦੀਪ ਨੂੰ ਬਿਨਾਂ ਰੁਕੇ ਬੋਲੀ ਜਾ ਰਿਹਾ ਸੀ। ਫਰਸ਼ 'ਤੇ ਪਈ ਸੰਦੀਪ ਦੇ ਉਸ ਨੇ ਦੋ ਤਿੰਨ ਹੋਰ ਜੜ ਦਿੱਤੀਆਂ। ਘਬਰਾਈ ਹੋਈ ਸੰਦੀਪ ਨੂੰ ਕੁੱਝ ਸਮਝ ਈ ਨਾ ਆਈ, ਅੱਜ ਇਸ ਨੂੰ ਕਿਸ ਗੱਲ ਦਾ ਐਨਾ ਗੁੱਸਾ ਸੀ। ਜੈਲੇ ਨੇ ਕੈਰੀ ਜੇਹੀ ਕਾਣੀ ਅੱਖ ਨਾਲ ਸੰਦੀਪ ਵੱਲ ਦੇਖਿਆ, ਫਿਰ ਬੁਰਸ਼ ਵਰਗੀ ਪੱਕੜ ਦਾੜੀ 'ਤੇ ਹੱਥ ਫੇਰਦਿਆਂ ਬਾਹਰ ਨਿਕਲਦੇ ਨੇ ਕਿਹਾ "ਚੰਗਾ ਭਾਈ! ਮੈਂ ਚਲਦਾਂ, ਤੁਹਾਡੇ ਘਰ ਦੇ ਮਸਲੇ ਚ ਆਪਾਂ ਕਾਹਨੂੰ ਫਸਣਾ"।

❊ ❊ ❊ ❊ ❊

## ਮੈਗਜ਼ੀਨ 'ਸੈਣੀ ਸੰਸਾਰ' ਦੇ 47ਵੇਂ ਅੰਕ ਵਿਚ ਛਪੀ ਪ੍ਰਸ਼ਨੋਤਰੀ-7 ਦੇ ਪ੍ਰਸਨਾਂ ਦੇ ਉੱਤਰ

1.(ੲ) 2.(ਅ) 3.(ੳ) 4.(ਅ) 5.(ਸ) 6.(ੲ) 7.(ਸ) 8.(ਅ) 9.(ਸ) 10.(ੳ) 11.(ਸ) 12.(ੲ)
13.(ੳ) 14.(ਅ) 15.(ਸ) 16.(ਅ) 17.(ੳ) 18.(ੲ) 19.(ਅ) 20.(ੲ)

## ਪ੍ਰਸ਼ਨੋਤਰੀ -7 ਦਾ ਜੇਤੂ ਪਾਠਕ

1. ਸ. ਨਿਰਮੋਲਕ ਸਿੰਘ # 1461, ਫ਼ੇਜ਼-3 ਬੀ2, ਮੁਹਾਲੀ
2. ਸ਼੍ਰੀਮਤੀ ਗੁਰਵਿੰਦਰ ਕੌਰ ਪਤਨੀ ਸ. ਅਮਰੀਕ ਸਿੰਘ # 73/3 ਮੁਹੱਲਾ ਸ਼ੇਖਾਂ ਰੂਪਨਗਰ
3. ਸ਼੍ਰੀਮਤੀ ਮਨਜੀਤ ਕੌਰ ਪਤਨੀ ਸ. ਗੁਰਪਾਲ ਸਿੰਘ, ਸੁਖਰਾਮਪੁਰ ਟੱਪਰੀਆਂ, ਰੂਪਨਗਰ ।



# ਧਰਮ ਸਿਆਸਤ ਤੇ ਇਨਸਾਨੀਅਤ

ਗੁਰਬਿੰਦਰ ਸਿੰਘ ਮਾਣਕ
ਫੋਨ : 98153-56086

ਸੰਸਾਰ ਦੇ ਸਾਰੇ ਧਰਮ ਹੀ ਮਾਨਵੀ ਕਦਰਾਂ-ਕੀਮਤਾਂ ਦਾ ਉਪਦੇਸ਼ ਦਿੰਦੇ ਹਨ। ਧਰਮ ਦਾ ਮੂਲ ਮਕਸਦ ਹੀ ਜੋੜਨਾ ਹੈ ਨਾ ਕਿ ਤੋੜਨਾ। ਪਿਆਰ, ਮੁਹੱਬਤ, ਭਾਈਚਾਰਕ ਸਾਂਝ, ਨੈਤਿਕਤਾ, ਸਦਾਚਾਰ, ਆਪਾ-ਸਮਰਪਣ ਦੀ ਭਾਵਨਾ, ਹਉਮੈਂ ਹੰਕਾਰ ਤੋਂ ਰਹਿਤ, ਸਹਿਣਸ਼ੀਲਤਾ ਤੇ ਹੱਕ-ਸੱਚ ਤੇ ਇਨਸਾਫ਼ ਲਈ ਜੂਝਣਾ ਕਿਸੇ ਵੀ ਧਰਮ ਦੀ ਸਿਖਿਆ ਦੇ ਮੂਲ ਸਰੋਕਾਰ ਹੋ ਸਕਦੇ ਹਨ। ਇਨ੍ਹਾਂ ਮਾਨਵੀ ਕਦਰਾਂ-ਕੀਮਤਾਂ ਤੋਂ ਸੱਖਣਾ ਮਨੁੱਖ ਭਾਵੇਂ ਕਿਸੇ ਵੀ ਧਰਮ ਦਾ ਕਿੰਨਾ ਵੀ ਵੱਡਾ ਪੈਰੋਕਾਰ ਕਿਉਂ ਨਾ ਹੋਵੇ, ਅਸਲ ਵਿੱਚ ਉਹ ਇਨਸਾਨੀਅਤ ਦੇ ਤਕਾਜ਼ਿਆਂ ਤੋਂ ਦੂਰ ਹੀ ਹੋਵੇਗਾ। ਅਜੋਕੇ ਮਨੁੱਖ ਨੇ ਜ਼ਿੰਦਗੀ ਦੇ ਹਰ ਖੇਤਰ ਵਿੱਚ ਹੀ ਤਰੱਕੀ ਦੀਆਂ ਮੰਜ਼ਿਲਾਂ ਤੈਅ ਕੀਤੀਆਂ ਹਨ। ਖੇਤੀ, ਵਿਦਿਆ, ਵਪਾਰ, ਵਿਗਿਆਨ, ਆਵਾਜਾਈ, ਸੰਚਾਰ ਤੇ ਅਨੇਕਾਂ ਖੇਤਰਾਂ ਵਿੱਚ ਹੋਈ ਹੈਰਾਨੀਜਨਕ ਪ੍ਰਗਤੀ ਮਨੁੱਖੀ ਬੁੱਧੀ ਦੇ ਕਮਾਲ ਦਾ ਹੀ ਸਿੱਟਾ ਕਿਹਾ ਜਾ ਸਕਦਾ ਹੈ। ਜਿਉਂ-ਜਿਉਂ ਵਿਦਿਆ ਦਾ ਪਸਾਰ ਹੋਇਆ ਹੈ, ਮਨੁੱਖ ਸਾਹਮਣੇ ਗਿਆਨ ਦੇ ਅਸੀਮ ਭੰਡਾਰ ਖੁੱਲ੍ਹ ਗਏ ਹਨ। ਜਿਹੜੀਆਂ ਗੱਲਾਂ ਕੁਝ ਸਾਲ ਪਹਿਲਾਂ ਤੱਕ ਅਸਚਰਜਨਕ ਤੇ ਭੇਦਭਰੀਆਂ ਲੱਗਦੀਆਂ ਸਨ, ਅੱਜ ਮਨੁੱਖੀ ਬੁੱਧੀ ਨੇ ਉਨ੍ਹਾਂ ਦੀ ਥਾਹ ਪਾ ਲਈ ਹੈ। ਸੂਚਨਾ ਖੇਤਰ ਵਿੱਚ ਆਈ ਕ੍ਰਾਂਤੀ ਨੇ ਤਾਂ ਵਿਸ਼ਾਲ ਸੰਸਾਰ ਨੂੰ ਬਹੁਤ ਸੀਮਤ ਕਰ ਦਿੱਤਾ ਹੈ। ਧਰਮ ਦੇ ਖੇਤਰ ਵਿੱਚ ਵੀ ਮਨੁੱਖ ਪਿਛੇ ਨਹੀਂ ਰਿਹਾ। ਧਰਮਾਂ ਦੇ ਪੈਰੋਕਾਰਾਂ ਨੇ ਆਪਣੇ ਧਾਰਮਿਕ ਵਿਸ਼ਵਾਸਾਂ ਦੀ ਪੂਰਤੀ ਲਈ ਆਲੀਸ਼ਾਨ ਧਾਰਮਿਕ ਅਸਥਾਨਾਂ ਦੀ ਉਸਾਰੀ ਵਿੱਚ ਇਕ-ਦੂਜੇ ਤੋਂ ਵੱਧ ਕੇ ਹਿੱਸਾ ਪਾਇਆ ਹੈ। ਧਾਰਮਿਕ ਰਹਿਬਰਾਂ ਦੇ ਨਾਮ ਨਾਲ ਜੁੜੇ ਵਿਸ਼ੇਸ਼ ਦਿਨਾਂ ਨੂੰ ਅਪਾਰ ਸ਼ਰਧਾ ਤੇ ਧੂਮਧਾਮ ਨਾਲ ਮਨਾਇਆ ਜਾਂਦਾ ਹੈ।

ਧਾਰਮਿਕ ਸਮਾਗਮਾਂ ਸਮੇਂ ਸਾਧ-ਸੰਗਤ ਦੀ ਆਉਭਗਤ ਲਈ ਵੱਡੀ ਪੱਧਰ 'ਤੇ ਚਾਹ, ਪਕੌੜੇ, ਛਬੀਲਾਂ, ਜਲੇਬੀਆਂ, ਖੀਰਾਂ, ਕੜਾਹ ਤੇ ਅਨੇਕਾਂ ਪ੍ਰਕਾਰ ਦੀਆਂ ਹੋਰ ਖਾਣ-ਪੀਣ ਵਾਲੀਆਂ ਚੀਜ਼ਾਂ ਦੇ ਲੰਗਰ ਲਗਾਏ ਜਾਂਦੇ ਹਨ। ਆਪਣੇ ਧਰਮ ਵਿੱਚ ਸ਼ਰਧਾ ਹੋਣੀ ਕੋਈ ਮਾੜੀ ਗੱਲ ਨਹੀ ਹੈ। ਹਰ ਇੱਕ ਨੂੰ ਅਧਿਕਾਰ ਹੈ ਕਿ ਉਹ ਆਪਣੀ ਆਸਥਾ ਅਨੁਸਾਰ ਵਿਚਰ ਸਕੇ। ਦੁਖਦਾਈ ਸਥਿਤੀ ਇਹ ਹੈ ਕਿ ਬਹੁਤੇ ਲੋਕਾਂ ਦੀ ਸ਼ਰਧਾ ਕੇਵਲ ਧਰਮ ਦੀਆਂ ਬਾਹਰੀ ਸਰਗਰਮੀਆਂ ਵਿੱਚ ਸ਼ਾਮਿਲ ਹੋਣ ਤੱਕ ਹੀ ਸੀਮਤ ਹੈ। ਵਿਰਲੇ ਲੋਕ ਹੀ ਹਨ ਜਿਹੜੇ ਧਰਮ ਦੀਆਂ ਸਿਖਿਆਵਾਂ ਨੂੰ ਆਪਣੀ ਜੀਵਨ-ਜਾਂਚ ਦਾ ਹਿੱਸਾ ਬਣਾਉਂਦੇ ਹਨ। ਧਰਮ ਦੇ ਬਾਹਰੀ ਸਰੂਪ ਨੂੰ ਪ੍ਰਣਾਏ ਤਾਂ ਬਹੁਤ ਲੋਕ ਮਿਲ ਜਾਂਦੇ ਹਨ ਪਰ ਜੇ ਕਿਸੇ ਮਨੁੱਖ ਵਿੱਚ ਮਾਨਵੀ ਗੁਣਾਂ ਦੀ ਵੀ ਘਾਟ ਨਜ਼ਰ ਆਵੇ ਤੇ ਸੰਕੀਰਨ ਮਨੋਬਿਰਤੀ ਹੋਵੇ ਤਾਂ ਇਸ ਦਾ ਅਰਥ ਇਹ ਹੀ ਹੋ ਸਕਦਾ ਹੈ ਕਿ ਮਨੁੱਖ ਨੇ ਧਰਮ ਦੀਆਂ ਸਿੱਖਿਆਵਾਂ ਨੂੰ ਬਿਲਕੁਲ ਹੀ ਨਹੀਂ ਵਿਚਾਰਿਆ। ਅਸਲ ਵਿੱਚ ਧਰਮ ਕਿਸੇ ਵਿਖਾਵੇ ਦਾ ਨਾਂਅ ਨਹੀਂ ਹੈ, ਇਹ ਤਾਂ ਵਿਚਾਰਨ ਦਾ ਮੁੱਦਾ ਹੈ। ਅਜੋਕੇ ਸਮੇਂ ਵਿੱਚ ਇਨਸਾਨੀ ਕਦਰਾਂ-ਕੀਮਤਾਂ ਨੂੰ ਇਸ ਕਦਰ ਖੋਰਾ ਲੱਗ ਚੁੱਕਾ ਹੈ ਕਿ ਮਨੁੱਖ ਦੇ ਮਾਨਵੀ ਚਿਹਰੇ ਪਿੱਛੇ ਛੁਪੀ ਕਰੂਪਤਾ ਹੈਵਾਨਾਂ ਨੂੰ ਵੀ ਮਾਤ ਪਾ ਰਹੀ ਹੈ। ਮਨੁੱਖ, ਪਦਾਰਥਿਕਤਾ ਦੀ ਦੌੜ ਵਿੱਚ ਇਸ ਤਰ੍ਹਾਂ ਗਲਤਾਨ ਹੋ ਚੁੱਕਾ ਹੈ ਕਿ ਕਿਸੇ ਦੁਖਿਆਰੇ ਦਾ ਦੁੱਖ -ਦਰਦ ਸੁਣਨ ਜਾਂ ਜਾਣਨ ਦੀ ਉਸ ਪਾਸ ਉੱਕਾ ਹੀ ਵਿਹਲ ਨਹੀਂ ਹੈ। ਸੜਕ 'ਤੇ ਪਏ ਕਿਸੇ ਜ਼ਖਮੀ ਕੋਲੋਂ ਲੋਕ ਇਸ ਤਰਾਂ ਲੰਘ ਜਾਂਦੇ ਹਨ ਜਿਵੇਂ ਕੁੱਝ ਵਾਪਰਿਆ ਹੀ ਨਾ ਹੋਵੇ। ਸੜਕ ਹਾਦਸਿਆਂ ਵਿੱਚ ਨਿੱਤ ਦਿਨ ਹਜ਼ਾਰਾਂ ਲੋਕ ਜ਼ਖ਼ਮੀ ਹੁੰਦੇ ਹਨ ਪਰ ਇਨ੍ਹਾਂ ਵਿੱਚੋਂ ਬਹੁਤੇ ਇਸ ਕਾਰਨ ਦਮ ਤੋੜ ਜਾਂਦੇ ਹਨ ਕਿ ਉਨ੍ਹਾਂ ਨੂੰ ਸਮੇਂ ਸਿਰ ਡਾਕਟਰੀ ਸਹਾਇਤਾ ਨਹੀਂ ਮਿਲੀ ਹੁੰਦੀ। ਕਿਸੇ ਪੀੜਤ ਪ੍ਰਤੀ ਜੇ ਕਿਸੇ ਦੇ ਮਨ ਵਿੱਚ ਹਮਦਰਦੀ ਦੀ ਭਾਵਨਾ ਪੈਦਾ ਨਹੀਂ ਹੁੰਦੀ ਤਾਂ ਧਾਰਮਿਕ ਪਖੰਡ ਕਰੀ ਜਾਣ ਦਾ ਕੋਈ ਅਰਥ ਨਹੀਂ ਹੈ।

ਅਸੀਂ ਛਬੀਲਾਂ ਵਿੱਚ ਤਾਂ ਬਦੋਬਦੀ ਪਾਣੀ ਪਿਲਾਉਣ ਲਈ ਕਾਹਲੇ ਹੁੰਦੇ ਹਾਂ ਪਰ ਕਿਸੇ ਪਿਆਸੇ ਦੇ ਮੂੰਹ ਵਿੱਚ ਪਾਣੀ ਦੇ ਦੋ ਘੁੱਟ ਪਾਉਣ ਲਈ ਤਿਆਰ ਨਹੀਂ ਹਾਂ। ਲੰਗਰਾਂ ਦੀ ਸੇਵਾ ਕਰਦੇ ਅਸੀਂ ਰੱਜਿਆਂ ਨੂੰ ਰਜਾਈ ਜਾਣ ਦੀ ਤਾਂ ਪੂਰੀ ਵਾਹ ਲਾ ਦਿੰਦੇ ਹਾਂ, ਪਰ ਕਿਸੇ ਲੋੜਵੰਦ ਭੁੱਖ ਨਾਲ ਤੜਪ ਰਹੇ ਦੇ ਮੂੰਹ ਵਿੱਚ ਰੋਟੀ ਦੀ ਬੁਰਕੀ ਪਾਉਣੀ ਸਾਨੂੰ ਗਵਾਰਾ ਨਹੀਂ। ਧਾਰਮਿਕ ਆਸਥਾ ਦੀ ਪੂਰਤੀ ਲਈ ਅਸੀਂ ਲੱਖਾਂ ਰੁਪਏ ਫਜ਼ੂਲ ਹੀ ਪਾਣੀ ਵਾਂਗ ਵਹਾਈ ਜਾ ਰਹੇ ਹਾਂ ਪਰ ਕਿਸੇ ਸਾਰਥਿਕ ਕੰਮ ਲਈ ਖ਼ਰਚ ਕਰਨਾ ਸਾਡੀ ਸੋਚ ਦਾ ਹਿੱਸਾ ਨਹੀਂ ਬਣਿਆ। ਬਹੁਤੇ ਲੋਕ ਕਿਸੇ ਗਰੀਬ ਦੇ ਬੱਚੇ ਦੀ ਪੜ੍ਹਾਈ ਲਈ ਕੋਈ ਪੈਸਾ ਖ਼ਰਚ ਕਰਨ ਲਈ ਤਿਆਰ ਨਹੀਂ ਹਨ। ਗੁਰਦੁਆਰੇ ਵਿੱਚ ਸੰਗਮਰਮਰ ਦੀ ਸੇਵਾ ਕਰਨ ਲਈ ਤਾਂ ਬਹੁਤ ਤਿਆਰ ਹੋ ਜਾਂਦੇ ਹਨ ਪਰ ਕਿਸੇ ਗਰੀਬ ਦੀ ਬੀਮਾਰੀ ਦੇ ਇਲਾਜ ਲਈ ਕੋਈ ਹਾਮੀ ਭਰਨ ਲਈ ਤਿਆਰ ਨਹੀਂ ਹੁੰਦਾ। ਸਾਰੇ ਧਰਮ ਮਨੁੱਖਤਾ ਦੀ ਸੇਵਾ ਦਾ ਉਪਦੇਸ਼ ਦਿੰਦੇ ਹਨ। ਇਸ ਦੇ ਬਾਵਜੂਦ ਅਸੀਂ ਨਿਰਾਰਥਕ ਗੱਲਾਂ ਵਿੱਚ ਅਜਾਈ ਧਨ ਬਰਬਾਦ ਕਰ ਦਿੰਦੇ ਹਾਂ। ਕਹਿਣ ਨੂੰ ਅਸੀਂ ਧਰਮ ਦੀ ਸੇਵਾ ਕਰ ਰਹੇ ਹਾਂ।

ਧਰਮ ਦੇ ਨਾਂ 'ਤੇ ਫਿਰਕੂ ਦੰਗੇ ਭੜਕਾਉਣ ਵਾਲੇ ਕਿਹੜੇ ਧਰਮ ਦੇ ਪੈਰੋਕਾਰ ਹੋ ਸਕਦੇ ਹਨ। ਭਰਾਵਾਂ ਵਾਂਗ ਇਕੱਠੇ ਵਸਦੇ ਲੋਕਾਂ ਦੀਆਂ ਧਾਰਮਿਕ ਭਾਵਨਾਵਾਂ ਨੂੰ ਇਕ ਦੂਜੇ ਦੇ

ਖੂਨ ਦੇ ਪਿਆਸੇ ਬਣਾ ਦੇਣਾ, ਧਰਮ ਦੇ ਅਜਿਹੇ ਠੇਕੇਦਾਰਾਂ ਦੀ ਨਿੱਤ ਦੀ ਖੇਡ ਹੈ। ਕਿਸੇ ਦੂਜੇ ਧਰਮ ਨੂੰ ਮੰਨਣ ਵਾਲਿਆਂ ਦੇ ਪੂਜਾ ਅਸਥਾਨਾਂ ਨੂੰ ਅੱਗਾਂ ਲਾਉਣੀਆਂ, ਸ਼ਾਂਤਮਈ ਤਰੀਕਿਆਂ ਨਾਲ ਲੋਕ-ਸੇਵਾ ਵਿੱਚ ਜੁਟੇ ਲੋਕਾਂ ਨੂੰ ਜਿੰਦਾ ਜਲਾ ਦੇਣਾ ਤੇ ਘੱਟ ਗਿਣਤੀ ਫਿਰਕਿਆਂ ਲਈ ਹਰ ਸਮੇਂ ਦਹਿਸ਼ਤ ਦਾ ਮਾਹੌਲ ਬਣਾਈ ਰੱਖਣਾ ਕਿਹੜੇ ਧਰਮ ਦੀ ਸੇਵਾ ਹੈ। ਧਰਮ ਦਾ ਬਾਣਾ ਪਾ ਕੇ ਇਹ ਲੋਕ ਨਫ਼ਰਤ ਭਰੇ ਤੇ ਅੱਗ ਉਗਲਣ ਵਾਲੇ ਬਿਆਨ ਦੇ ਕੇ ਇਨਸਾਨੀਅਤ ਨੂੰ ਵੀ ਸ਼ਰਮਸਾਰ ਕਰਨ ਦੇ ਰਾਹ ਤੁਰੇ ਹੋਏ ਹਨ। ਧਰਮਾਂ ਵਿੱਚ ਵੰਡੀਆਂ ਪਾਉਣੀਆਂ ਤੇ ਧਰਮ ਦੇ ਨਾਂ ਤੇ ਖੂਨ ਵਹਾਉਣਾ ਕਿਸੇ ਵੀ ਧਰਮ ਦੀ ਸਿੱਖਿਆ ਨਹੀਂ ਹੋ ਸਕਦੀ। ਅਜੋਕੇ ਸਮੇਂ ਵਿੱਚ ਮਨੁੱਖ ਨੇ ਨੈਤਿਕਤਾ ਤੇ ਸਦਾਚਾਰ ਦੇ ਸਭ ਪ੍ਰਤੀਮਾਨਾਂ ਨੂੰ ਪੈਰਾਂ ਹੇਠ ਲਿਤਾੜ ਦਿੱਤਾ ਹੈ। ਮਨੁੱਖ ਉੱਤੇ ਸਵਾਰਥ ਇੰਨਾ ਭਾਰੂ ਹੋ ਗਿਆ ਹੈ ਕਿ ਉਹ ਲਾਲਚ ਦੇ ਵਸ ਪੈ ਕੇ ਖੂਨ ਦੇ ਰਿਸ਼ਤਿਆਂ ਨੂੰ ਰੋਲਣ ਦੇ ਰਾਹ ਤੁਰ ਪਿਆ ਹੈ।

ਸਾਡੇ ਦੇਸ਼ ਵਿੱਚ ਸਿਆਸੀ ਪਾਰਟੀਆਂ ਰਾਜਨੀਤੀ ਦੀ ਖਾਤਿਰ, ਲੋਕਾਂ ਵਿੱਚ ਧਰਮ ਦੇ ਅਧਾਰ 'ਤੇ ਵੰਡੀਆਂ ਪਾ ਕੇ, ਪਿਛਲੇ ਸੱਤ ਦਹਾਕਿਆਂ ਤੋਂ ਆਪਣੀਆਂ ਰੋਟੀਆਂ ਸੇਕ ਰਹੀਆਂ ਹਨ। ਸਿਆਸਤ ਇੰਨੀ ਬੇਰਹਿਮ ਹੋ ਗਈ ਹੈ ਕਿ ਉਹ ਆਪਣੇ ਸਵਾਰਥੀ ਹਿਤਾਂ ਲਈ ਫਿਰਕੂ ਦੰਗੇ ਭੜਕਾਉਣ ਤੋਂ ਵੀ ਗੁਰੇਜ਼ ਨਹੀਂ ਕਰਦੀ। ਦੇਸ਼ ਵਿੱਚ ਜਦੋਂ ਵੀ ਕਦੇ ਚੋਣਾਂ ਹੁੰਦੀਆਂ ਹਨ ਤਾਂ ਧਾਰਮਿਕ ਮੁੱਦੇ ਭੜਕਾ ਕੇ ਲੋਕਾਂ ਨੂੰ ਉਤੇਜਿਤ ਕੀਤਾ ਜਾਂਦਾ ਹੈ। ਪਿਛਲੇ ਕੁੱਝ ਸਾਲਾਂ ਵਿੱਚ ਇੱਕ ਵਿਸ਼ੇਸ਼ ਧਰਮ ਤੇ ਹੋਰ ਘੱਟ ਗਿਣਤੀਆਂ ਨੂੰ ਗਿਣ-ਮਿੱਥ ਕੇ ਨਿਸ਼ਾਨਾਂ ਬਣਾਇਆ ਜਾ ਰਿਹਾ ਹੈ। ਜਦੋਂ ਕੋਈ ਇਸ ਖਿਲਾਫ਼ ਬੋਲਦਾ ਹੈ ਤਾਂ ਉਸ ਨੂੰ ਦੇਸ਼-ਧ੍ਰੋਹੀ ਗਰਦਾਨਿਆ ਜਾ ਰਿਹਾ ਹੈ। ਇੱਕ ਖ਼ਾਸ ਧਰਮ ਨਾਲ ਜੁੜੇ ਲੋਕਾਂ ਨੂੰ ਹੀ ਇਸ ਦੇਸ਼ ਦੇ ਅਸਲੀ ਵਾਰਸ ਹੋਣ ਦਾ ਭਰਮ ਫੈਲਾ ਕੇ ਵੋਟਾਂ ਪੱਕੀਆਂ ਕੀਤੀਆਂ ਜਾ ਰਹੀਆਂ ਹਨ। ਆਜ਼ਾਦੀ ਤੋਂ ਬਾਅਦ ਧਰਮ ਦੇ ਨਾਂ 'ਤੇ ਹੋਏ ਦੰਗਿਆਂ ਵਿੱਚ ਹਜ਼ਾਰਾਂ ਲੋਕਾਂ ਦੀ ਬਲੀ ਦਿੱਤੀ ਜਾ ਚੁੱਕੀ ਹੈ ਤੇ ਇਹ ਸਿਲਸਿਲਾ ਬਾਦਸਤੂਰ ਜਾਰੀ ਹੈ। ਆਮ ਲੋਕਾਂ ਨਾਲ ਜੁੜੇ ਮਸਲਿਆਂ ਨੂੰ ਪਾਸੇ ਰੱਖ ਕੇ ਧਾਰਮਿਕ ਮੁੱਦਿਆਂ ਨੂੰ ਉਭਾਰ ਕੇ ਆਮ ਲੋਕਾਂ ਦੀਆਂ ਭਾਵਨਾਵਾਂ ਨੂੰ ਭੜਕਾ ਕੇ ਹਰ ਹੀਲੇ ਸੱਤਾ ਵਿੱਚ ਬਣੇ ਰਹਿਣ ਦਾ ਜੁਗਾੜ ਕੀਤਾ ਜਾ ਰਿਹਾ ਹੈ।

ਕੋਈ ਮਨੁੱਖ ਕਿਸੇ ਵੀ ਧਰਮ ਨੂੰ ਮੰਨੇ ਪਰ ਅਸਲੀ ਅਰਥਾਂ ਵਿੱਚ ਇਨਸਾਨੀਅਤ ਹੀ ਸਭ ਤੋਂ ਵੱਡਾ ਧਰਮ ਹੈ। ਮਨੁੱਖੀ ਆਪੇ ਦੀ ਅਸਲੀ ਪਛਾਣ ਧਨ ਜਾਂ ਵੱਡੀਆਂ ਜਾਇਦਾਦਾਂ ਨਾਲ ਨਹੀਂ ਹੈ, ਸਗੋਂ ਮਾਨਵੀ ਗੁਣਾਂ ਵਿੱਚ ਹੈ। ਜੇ ਕੋਈ ਲੋਕਾਂ ਦਾ ਖ਼ੂਨ ਚੂਸ ਕੇ ਧਨ ਦੇ ਅੰਬਾਰ ਲਾ ਰਿਹਾ ਹੈ ਤਾਂ ਉਸ ਦੇ ਚਿਹਰੇ ਪਿੱਛੇ ਛੁਪੀ ਕਰੂਪਤਾ ਉਸ ਨੂੰ ਇਨਸਾਨ ਕਹੇ ਜਾਣ ਦੇ ਯੋਗ ਨਹੀਂ ਰਹਿਣ ਦਿੰਦੀ। ਲੋਕਾਂ ਦੇ ਦਿਲਾਂ ਵਿੱਚ ਉਨ੍ਹਾਂ ਦਾ ਹੀ ਵਾਸ ਹੁੰਦਾ ਹੈ, ਜਿਨ੍ਹਾਂ ਦੇ ਮਨਾਂ ਵਿੱਚ ਮਨੁੱਖਤਾ ਵਸੀ ਹੁੰਦੀ ਹੈ। ਧਰਮ-ਨਿਰਪਖਤਾ ਦੀ ਗੱਲ ਤਾਂ ਹੁਣ ਕੇਵਲ ਸੰਵਿਧਾਨ ਵਿੱਚ ਹੀ ਲਿਖੀ ਰਹਿ ਗਈ ਹੈ, ਅਸਲੀਅਤ ਇਹ ਹੈ ਕਿ ਹਰ ਪਾਸੇ ਧਾਰਮਿਕ ਕੱਟੜਤਾ ਦਾ ਬੋਲਬਾਲਾ ਹੀ ਸੁਣਾਈ ਦਿੰਦਾ ਹੈ। ਕਿਸੇ ਵੀ ਦੇਸ਼ ਦੇ ਅੱਗੇ ਵਧਣ ਤੇ ਨਿਰੋਏ ਵਿਕਾਸ ਲਈ ਇਸ ਤੋਂ ਵੱਡੀ ਕੋਈ ਰੁਕਾਵਟ ਨਹੀਂ ਹੋ ਸਕਦੀ।

* * * * *



## ਕਵਿਤਾਵਾਂ

ਅਰਵਿੰਦਰ ਸਿੰਘ,
ਕੁਰਾਲੀ

ਖ਼ਤਰੇ ਕੌਮਾਂ 'ਤੇ ਅਕਸਰ ਬਣੇ ਰਹਿੰਦੇ,
ਸ਼ੈਤਾਨ ਲੋਕ ਇਸੇ ਉਡੀਕ ਵਿੱਚ ਰਹਿੰਦੇ।

ਹੋਇਆ ਐਲਾਨ ਘਰੋਂ ਬਾਹਰ ਨਿਕਲੋ ਭਾਈ,
ਸਾਡਾ ਵਜੂਦ ਪਿਆ ਖ਼ਤਰੇ ਵਿੱਚ ਭਾਈ।
ਹੋ ਜਜ਼ਬਾਤੀ ਚੱਲ ਪਏ ਮੋਰਚਾ ਲਾਉਣ ਭਾਈ,
ਇਸ ਦੇ ਅੰਜ਼ਾਮ ਦੀ ਕਰੀ ਨਾ ਵਿਚਾਰ ਰਾਈ।

ਕੀ ਮਿਲਿਆ ਸ਼ਹੀਦਾਂ ਦੇ ਪਰਿਵਾਰਾਂ ਨੂੰ ਸੀ,
ਇਸ ਦੀ ਪਿੰਡ ਪਿੰਡ ਬੈਠ ਵਿਚਾਰ ਕਰੋ।
ਕੌਣ ਵੇਚ ਗਿਆ ਉਨ੍ਹਾਂ ਦੀਆਂ ਲਾਸ਼ਾਂ ਨੂੰ,
ਉਸ ਦੁਸ਼ਮਣ ਦੀ ਪਹਿਚਾਣ ਕਰੋ।

ਚਾਹੇ ਕਪੂਰੀ ਚਾਹੇ ਬਰਗਾੜੀ,
ਸਭ ਵਿਕ ਗਏ ਅੰਜ਼ਾਮ ਤੋਂ ਪਹਿਲਾਂ।
ਸੰਗਤ ਵਿਚਾਰੀ ਬੈਠੀ ਉਡੀਕੇ,
ਟੈਂਟ ਪੁੱਟ ਲਏ ਕਿਸੇ ਅੰਜ਼ਾਮ ਤੋਂ ਪਹਿਲਾਂ।

ਜਜ਼ਬਾਤਾਂ ਨੂੰ ਪਿੱਛੇ ਰੱਖ ਕੇ,
ਪਹਿਲਾਂ ਹੀ ਵਿਚਾਰ ਕਰੋ।
'ਅਰਵਿੰਦਰ' ਪਿੱਛੇ ਲੱਗਣ ਤੋਂ ਪਹਿਲਾਂ,
ਕਿਰਦਾਰਾਂ ਦੀ ਪਹਿਚਾਣ ਕਰੋ।

* * * * *

ਹੀਰੇ ਲੱਭਣ ਜਾਈਏ ਬਜਾਰੀਂ, ਵਾਹਨੂੰ ਪੱਥਰ ਨਾਲ ਪੈਂਦਾ।
ਕੋਲੇ ਦੀਆਂ ਖਾਣਾਂ ਵਿੱਚੋਂ ਕਿੱਧਰੇ, ਹੀਰਾ ਚਮਕ ਹੀ ਪੈਂਦਾ।
ਕੋਹੇਨੂਰ ਤੋਂ ਵੱਧ ਕੀਮਤੀ,ਹੀਰਾ ਮਿਲਿਆ ਮੈਨੂੰ,
ਤੁਰਦਾ ਫਿਰਦਾ ਰੱਬ ਦੁਨੀਆਂ 'ਤੇ ਲੋਕੀ ਕਹਿੰਦੇ ਉਹਨੂੰ।

ਜੀਵਨ ਜਾਚ

# ਆਓ ਜ਼ਿੰਦਗੀ ਦੇ ਰੰਗਾਂ ਨੂੰ ਮਾਣਨਾ ਸਿਖੀਏ

ਸੰਜੀਵ ਸਿੰਘ ਸੈਣੀ
ਮੋਹਾਲੀ



ਜ਼ਿੰਦਗੀ ਬਹੁਤ ਖ਼ੂਬਸੂਰਤ ਹੈ। ਸਾਨੂੰ ਜ਼ਿੰਦਗੀ ਦੇ ਹਰ ਪਲ ਦਾ ਆਨੰਦ ਮਾਣਨਾ ਚਾਹੀਦਾ ਹੈ। ਕਦੇ ਵੀ ਦੁਖੀ ਨਹੀਂ ਹੋਣਾ ਚਾਹੀਦਾ। ਸਾਨੂੰ ਜ਼ਿੰਦਗੀ ਹਮੇਸ਼ਾਂ ਹਰ ਪਲ ਹੱਸ ਕੇ, ਖੁਸ਼ ਰਹਿ ਕੇ ਗੁਜ਼ਾਰਨੀ ਚਾਹੀਦੀ ਹੈ। ਜ਼ਿੰਦਗੀ ਸਾਨੂੰ ਜਿਉਣ ਲਈ ਮਿਲੀ ਹੈ। ਜ਼ਿੰਦਗੀ ਨੂੰ ਕਦੇ ਵੀ ਬੋਝ ਨਾ ਸਮਝੋ। ਹਰ ਪਲ ਖੁਸ਼ ਰਹਿ ਕੇ ਕੱਟੋ। ਭਾਵ ਜੇ ਮਾੜਾ ਸਮਾਂ ਆ ਵੀ ਗਿਆ ਹੈ ਤਾਂ ਜ਼ਿਆਦਾ ਦੁੱਖ ਵਿੱਚ ਦੁਖੀ ਨਾ ਹੋਵੋ। ਸੁੱਖ-ਦੁੱਖ ਤਾਂ ਆਉਂਦੇ ਹੀ ਰਹਿੰਦੇ ਹਨ। ਜੇ ਮਾੜਾ ਸਮਾਂ ਹੈ ਤਾਂ ਚੰਗਾ ਵੀ ਆਵੇਗਾ। ਚੰਗੇ ਸਮੇਂ ਵਿੱਚ ਹੱਦੋਂ ਵੱਧ ਖੁਸ਼ੀ ਵੀ ਨਾ ਮਨਾਓ। ਕਦੇ ਵੀ ਆਪਣੀ ਕਿਸਮਤ ਨੂੰ ਨਾ ਦੋਸ਼ੀ ਠਹਿਰਾਈਏ। ਕਈ ਵਾਰ ਅਸੀਂ ਕਿਸੇ ਹੋਰ ਦੀ ਗੱਲ ਕਰਕੇ ਆਪਣੇ ਘਰ ਵਿੱਚ ਬਹੁਤ ਜ਼ਿਆਦਾ ਨਕਾਰਾਤਮਕ ਭਾਵ ਪੈਦਾ ਕਰ ਲੈਂਦੇ ਹਾਂ। ਅਕਸਰ ਪਰਿਵਾਰਾਂ ਵਿੱਚ ਕਈ ਵਾਰ ਤਕਰਾਰ ਹੋ ਜਾਂਦੇ ਹਨ। ਪਰਿਵਾਰ ਵਿੱਚ ਕਈ ਅਜਿਹੇ ਮੈਂਬਰ ਵੀ ਹੁੰਦੇ ਹਨ, ਜੋ ਅਜਿਹੇ ਤਕਰਾਰਾਂ ਨੂੰ ਕੁਝ ਸਮਝਦੇ ਹੀ ਨਹੀਂ, ਭਾਵ ਜ਼ਿੰਦਗੀ ਨੂੰ ਹੱਸ ਖੇਡ ਕੇ ਗੁਜ਼ਾਰ ਲੈਂਦੇ ਹਨ। ਕਈ ਵਾਰ ਕਈ ਇਨਸਾਨ ਛੋਟੇ-ਛੋਟੇ ਤਕਰਾਰ, ਛੋਟੀਆਂ-ਛੋਟੀਆਂ ਗੱਲਾਂ ਨੂੰ ਦਿਲ 'ਤੇ ਲਾ ਕੇ ਬੈਠ ਜਾਂਦੇ ਹਨ। ਆਪ ਵੀ ਪ੍ਰੇਸ਼ਾਨ ਹੁੰਦੇ ਹਨ ਤੇ ਆਪਣੇ ਪਰਿਵਾਰਿਕ ਮੈਂਬਰਾਂ ਨੂੰ ਵੀ ਪ੍ਰੇਸ਼ਾਨ ਕਰ ਦਿੰਦੇ ਹਨ। ਕਈ ਵਾਰ ਤਾਂ ਅਜਿਹਾ ਦੇਖਣ ਨੂੰ ਵੀ ਆਉਂਦਾ ਹੈ ਕਿ ਅਜਿਹੇ ਇਨਸਾਨ ਡਿਪਰੈਸ਼ਨ ਦੀ ਬਿਮਾਰੀ ਵਿੱਚ ਚਲੇ ਜਾਂਦੇ ਹਨ। ਗੱਲ ਕੁੱਝ ਵੀ ਨਹੀਂ ਹੁੰਦੀ, ਪਰ ਗੱਲ ਨੂੰ ਦਿਲ 'ਤੇ ਲਗਾ ਕੇ ਆਪਣੀ ਜ਼ਿੰਦਗੀ ਨੂੰ ਨਰਕ ਬਣਾ ਲੈਂਦੇ ਹਨ। ਅਸੀਂ ਕਹਿ ਦਿੰਦੇ ਹਨ ਕਿ ਉਸ ਦੀ ਕਿਸਮਤ ਬਹੁਤ ਚੰਗੀ ਹੈ ਜਾਂ ਫਲਾਣਾ ਬੰਦਾ ਬਹੁਤ ਘੱਟ ਮਿਹਨਤ ਕਰਕੇ ਬਹੁਤ ਕੁੱਝ ਕਮਾ ਲੈਂਦਾ ਹੈ। ਉਸ ਨੂੰ ਬਹੁਤ ਘੱਟ ਮਿਹਨਤ ਕਰਨੀ ਪਈ। ਉਸ ਨੂੰ ਆਪਣੀ ਕਿਸਮਤ ਤੋਂ ਜ਼ਿਆਦਾ ਮਿਲ ਗਿਆ। ਉਸ ਨੂੰ ਉਸ ਦੇ ਮਾਤਾ-ਪਿਤਾ ਨੇ ਬਹੁਤ ਕੁਝ ਦਿੱਤਾ ਹੈ। ਜਿੰਨਾ ਕੁ ਉਹ ਇਨਸਾਨ ਉਸ ਦੇ ਲਾਇਕ ਵੀ ਨਹੀਂ ਸੀ, ਫਿਰ ਵੀ ਪਤਾ ਨਹੀਂ ਉਸ ਨੂੰ ਕਿਹੜਾ ਖਜ਼ਾਨਾ ਮਿਲ ਗਿਆ ਹੈ। ਕਹਿਣ ਦਾ ਮਤਲਬ ਇਹ ਹੈ ਕਿ ਸਾਡੇ ਅੰਦਰ ਉਸ ਇਨਸਾਨ ਪ੍ਰਤਿ ਜਲਨ ਦੇ ਵਿਚਾਰ ਪੈਦਾ ਹੋਣੇ ਸ਼ੁਰੂ ਹੋ ਜਾਂਦੇ ਹਨ। ਅਜਿਹਾ ਕੋਈ ਇਨਸਾਨ ਨਹੀਂ ਹੈ ਕਿ ਜਿਸ ਦੀ ਜ਼ਿੰਦਗੀ ਵਿੱਚ ਕਦੇ ਵੀ ਉਤਰਾਅ-ਚੜ੍ਹਾਅ ਨਾ ਆਏ ਹੋਣ। ਅਸੀਂ ਸਾਰੇ ਹੀ ਦੇਖਦੇ ਹਨ ਕਿ ਜੇ ਗਰਮੀ ਹੈ, ਤਾਂ ਸਰਦੀ ਦਾ ਮੌਸਮ ਵੀ ਆਉਂਦਾ ਹੈ। ਜੇ ਬਰਸਾਤ ਹੁੰਦੀ ਹੈ, ਤਾਂ ਉਸ ਤੋਂ ਬਾਅਦ ਮੌਸਮ ਸਾਫ਼ ਵੀ ਹੋ ਜਾਂਦਾ ਹੈ। ਜੇ ਦਿਨ ਚੜ੍ਹਦਾ ਹੈ ਤਾਂ ਰਾਤ ਵੀ ਆਉਂਦੀ ਹੈ। ਕਹਿਣ ਦਾ ਭਾਵ ਹੈ ਕਿ ਹਮੇਸ਼ਾਂ ਇੱਕ ਹੀ ਤਰ੍ਹਾਂ ਦੀ ਜ਼ਿੰਦਗੀ ਨਹੀਂ ਰਹਿੰਦੀ। ਹਮੇਸ਼ਾਂ ਇੱਕ ਹੀ ਤਰਾਂ ਦਾ ਸਮਾਂ ਨਹੀਂ ਰਹਿੰਦਾ। ਸਮਾਂ ਸਾਰਿਆਂ ਦਾ ਹੀ ਬਦਲਦਾ ਹੈ। ਚਾਹੇ ਅੱਜ ਬਦਲੇ ਜਾਂ ਕੁੱਝ ਦਿਨਾਂ ਬਾਅਦ ਬਦਲੇ। ਹਮੇਸ਼ਾਂ ਪੰਜੇ ਉਂਗਲਾਂ ਇੱਕ ਸਮਾਨ ਨਹੀਂ ਰਹਿੰਦੀਆਂ। ਕੁਦਰਤ ਹਰ ਇੱਕ ਇਨਸਾਨ ਨੂੰ ਮੌਕਾ ਦਿੰਦੀ ਹੈ। ਭਾਵ ਜੇ ਕਦੇ ਮਾੜਾ ਸਮਾਂ ਆ ਵੀ ਗਿਆ ਤਾਂ ਕਦੇ ਵੀ ਇੰਝ ਨਾ ਸੋਚੋ ਕਿ ਮੇਰੀ ਕਿਸਮਤ ਜਾਂ ਜ਼ਿੰਦਗੀ ਵਿੱਚ ਹਨ੍ਹੇਰਾ ਹੀ ਆ ਗਿਆ ਹੈ। ਦਾਤੇ ਨੇ ਸਾਰੇ ਇਨਸਾਨਾਂ ਲਈ ਬਹੁਤ ਕੁਝ ਬਣਾਇਆ ਹੋਇਆ ਹੈ। ਜਿਸ ਨੇ ਸਾਨੂੰ ਧਰਤੀ 'ਤੇ ਭੇਜਿਆ ਹੈ, ਉਸ ਨੇ ਸਾਡਾ ਕੋਈ ਹੀਲਾ- ਵਸੀਲਾ ਵੀ ਕਰ ਦੇਣਾ ਹੈ। ਪਰ ਸਾਨੂੰ ਕਰਮ ਕਰਨਾ ਪਵੇਗਾ। ਦਿਲ ਲਗਾ ਕੇ ਮਿਹਨਤ ਕਰਨੀ ਪਵੇਗੀ, ਤਾਂ ਹੀ ਅਸੀਂ ਮੰਜ਼ਿਲ ਵੱਲ ਆਪਣੇ ਕਦਮ ਵਧਾਵਾਂਗੇ। ਇਹ ਨਹੀਂ ਹੈ ਕਿ ਸਾਨੂੰ ਪੱਕੀ ਪਕਾਈ ਖਿਚੜੀ ਜਾਂ ਕੋਈ ਥਾਲੀ ਪਰੋਸ ਕੇ ਸਾਡੇ ਸਾਹਮਣੇ ਰੱਖ ਦੇਵੇਗਾ। ਦੇਖੋ ਮਿਹਨਤ ਤਾਂ ਕਰਨੀ ਹੀ ਪਵੇਗੀ। ਬਿਨਾਂ ਕਰਮ ਕੀਤੇ ਕੁਝ ਵੀ ਨਹੀਂ ਮਿਲਦਾ। ਕਦੇ ਵੀ ਨਿਰਾਸ਼ ਨਾ ਹੋਵੋ। ਆਪਣਾ ਦਿਲ ਕਦੇ ਵੀ ਛੋਟਾ ਨਾ ਕਰੋ। ਤੁਸੀਂ ਇਹ ਸੋਚੋ ਕਿ ਪਰਮਾਤਮਾ ਨੇ ਸਾਡੇ ਲਈ ਕੁੱਝ ਨਾ ਕੁੱਝ ਵਧੀਆ ਰੱਖਿਆ ਹੋਇਆ ਹੈ। ਹਰ ਇੱਕ ਦਿਨ ਸਾਡੇ ਲਈ ਕੁੱਝ ਨਾ ਕੁੱਝ ਲੈ ਕੇ ਆਉਂਦਾ ਹੈ। ਹਮੇਸ਼ਾਂ ਜ਼ਿੰਦਗੀ ਵਿੱਚ ਖੁਸ਼ ਰਹਿਣਾ ਸਿੱਖੀਏ। ਜਿੰਨਾ ਵੀ ਸਾਡੇ ਕੋਲ ਹੈ ਉਸ ਵਿੱਚ ਸਬਰ-ਸੰਤੋਖ ਰੱਖੀਏ। ਨਿਮਰਤਾ, ਪਿਆਰ, ਸਤਿਕਾਰ ਤੇ ਸਹਿਣਸ਼ੀਲਤਾ ਜ਼ਿੰਦਗੀ ਵਿੱਚ ਹੋਣੀ ਬਹੁਤ ਜ਼ਰੂਰੀ ਹੈ। ਕਦੇ ਵੀ ਗੁੱਸੇ ਨਾ ਹੋਵੋ। ਚਲੋ ਜੇ ਕਈ ਵਾਰ ਗੁੱਸਾ ਆ ਵੀ ਜਾਂਦਾ ਹੈ ਤਾਂ ਘਰ ਵਿੱਚ ਕਲੇਸ਼ ਖੜ੍ਹਾ ਨਾ ਕਰੋ। ਕੋਈ ਅਜਿਹਾ ਗਲਤ ਕਦਮ ਨਾ ਚੁੱਕੋ। ਜੇ ਕਦੇ ਘਰਦਿਆਂ ਨਾਲ ਮਨ ਮੁਟਾਵ ਹੋ ਵੀ ਜਾਂਦਾ ਹੈ ਤਾਂ ਕਿਸੇ ਪਾਰਕ ਵਿੱਚ ਚਲੇ ਜਾਉ, ਕਿਸੇ ਮੌਲ ਵਿੱਚ ਜਾਉ, ਸੈਰ ਤੇ ਨਿਕਲ ਜਾਉ। ਕਹਿਣ ਦਾ ਮਤਲਬ ਕਿ ਇਹ ਜ਼ਿੰਦਗੀ ਸਾਨੂੰ ਦੁਬਾਰਾ ਨਹੀਂ ਮਿਲਣੀ। ਸਾਨੂੰ ਹੱਸ-ਖੇਡ ਕੇ ਹੀ ਜ਼ਿੰਦਗੀ ਗੁਜ਼ਾਰਨੀ ਚਾਹੀਦੀ ਹੈ।

❋ ❋ ❋ ❋ ❋

**ਲੋਕਾਂ ਨੂੰ ਨਿੰਦਣਾ ਛੱਡ ਦਿਓ** ਕਿਉਂਕਿ ਲੋਕ ਤੁਹਾਡੀ ਇੱਛਾ ਅਨੁਸਾਰ ਨਹੀਂ ਚੱਲ ਸਕਦੇ।

**ਲੋਕ ਕੀ ਕਹਿੰਦੇ ਹਨ** ਇਸ ਦੀ ਫਿਕਰ ਕਰਨੀ ਛੱਡ ਦਿਓ ਕਿਉਂਕਿ ਤੁਸੀਂ ਲੋਕਾਂ ਦੀ ਇੱਛਾ ਅਨੁਸਾਰ ਨਹੀਂ ਚੱਲ ਸਕਦੇ।

## ਪਿਆਰ ਤੇ ਸਤਿਕਾਰ - ਭਾਈਚਾਰੇ ਦਾ ਆਧਾਰ

ਇੰਜ. ਜਸਵੰਤ ਸਿੰਘ (ਸੈਣੀ)
ਜਲੰਧਰ

ਪਿਆਰ ਤੇ ਸਤਿਕਾਰ ਜੀਵਨ ਪ੍ਰਕਿਰਿਆ ਦੇ ਦੋ ਐਸੇ ਪਹਿਲੂ ਹਨ ਜਿਨ੍ਹਾਂ ਦੇ ਪ੍ਰਫੁਲਤ ਹੋਣ ਨਾਲ ਸੱਚੇ ਭਾਈਚਾਰੇ ਦੀ ਨਿੱਗਰ ਅਤੇ ਸਾਰਥਿਕ ਹੋਂਦ ਬਣਦੀ ਹੈ। ਇਹ ਇੱਕ ਮੰਦੇ ਭਾਗਾਂ ਵਾਲੀ ਗੱਲ ਹੈ ਕਿ ਜਿਵੇਂ ਧਰਤੀ ਥੱਲੇ ਪਾਣੀ ਦਾ ਪੱਧਰ ਦਿਨ-ਬ-ਦਿਨ ਥੱਲੇ ਡਿਗਣ ਨਾਲ ਮਨੁੱਖੀ ਜੀਵਨ ਲਈ ਇੱਕ ਗੰਭੀਰ ਸਮੱਸਿਆ ਬਣਦੀ ਜਾ ਰਹੀ ਹੈ, ਇਵੇਂ ਹੀ ਧਰਤੀ ਉੱਤੇ ਮਨੁੱਖੀ ਜੀਵਨ ਵਿੱਚ ਪਿਆਰ ਤੇ ਸਤਿਕਾਰ ਦੀ ਭਾਵਨਾ ਅਲੋਪ ਹੁੰਦੀ ਜਾ ਰਹੀ ਹੈ। ਫ਼ਲਸਰੂਪ ਸਮਾਜ ਵਿੱਚ ਆਪਸੀ ਨਫ਼ਰਤ ਅਤੇ ਵਿਖਰਾਓ ਦਾ ਕੱਦ ਦਿਨੋਂ ਦਿਨ ਵਧਦਾ ਜਾ ਰਿਹਾ ਹੈ। ਵਿਸ਼ਵ ਸਮਾਜ ਵੱਖ ਵੱਖ ਧਾਰਮਿਕ ਪਰੰਪਰਾਵਾਂ ਨਾਲ ਜੁੜਿਆ ਹੋਇਆ ਹੈ ਅਤੇ ਇਸ ਦੀ ਸੋਚ ਆਪਣੀ ਧਾਰਮਿਕ ਪਰੰਪਰਾ ਦੇ ਘੇਰੇ ਵਿੱਚ ਹੀ ਸੀਮਿਤ ਹੋ ਕੇ ਰਹਿ ਗਈ ਹੈ ਜਿਸ ਕਾਰਨ ਮਨੁੱਖ ਪਰਮਾਤਮਾ ਦੀ ਸਿਰਜੀ ਸਮੁੱਚੀ ਕਾਇਨਾਤ ਦੀ ਹੋਂਦ ਅਤੇ ਉਸ ਦੀ ਭਾਈਚਾਰਕ ਮਹੱਤਤਾ ਨੂੰ ਪੂਰੀ ਗਹਿਰਾਈ ਤੱਕ ਸਮਝਣ ਦੇ ਅਸਮਰਥ ਹੈ। ਫ਼ਲਸਰੂਪ ਮਨੁੱਖੀ ਭਾਈਚਾਰਾ ਤੇਜ਼ੀ ਨਾਲ ਖੋਖਲਾ ਹੁੰਦਾ ਜਾ ਰਿਹਾ ਹੈ। ਮਨੁੱਖ ਭਾਵੇਂ ਕਿਸੇ ਵੀ ਧਾਰਮਿਕ ਪਰੰਪਰਾ ਨਾਲ ਸਬੰਧ ਰਕਦਾ ਹੋਵੇ, ਪਰ ਉਸ ਦਾ ਅਸਲੀ ਸਰੋਕਾਰ ਮਨੁੱਖਤਾ ਹੋਣੀ ਚਾਹੀਦਾ ਹੈ ਅਤੇ ਆਪਣੀਆਂ ਬਣਾਈਆਂ ਧਾਰਮਿਕ ਅਤੇ ਸਮਾਜਿਕ ਹੱਦਬੰਦੀਆਂ ਤੋਂ ਉਪਰ ਉੱਠ ਕੇ ਸਰਬੱਤ ਦੇ ਭਲੇ ਲਈ ਕੰਮ ਕਰਨਾ ਚਾਹੀਦਾ ਹੈ। ਸਮੁੱਚੀ ਮਾਨਵਤਾ ਪਰਮਾਤਮਾ ਦੀ ਰਚਨਾ ਹੈ ਅਤੇ ਇਸ ਰਚਨਾ ਵਿੱਚ ਕੋਈ ਉਚ-ਨੀਚ ਤੇ ਭੇਦਭਾਵ ਨਹੀਂ ਹੈ। ਸਭ ਮਨੁੱਖ ਬਰਾਬਰ ਹਨ। ਭਗਤ ਕਬੀਰ ਜੀ ਪਰਮਾਤਮਾ ਦੀ ਏਕਤਾ ਅਤੇ ਭਾਈਚਾਰੇ ਦੀ ਮਹੱਤਤਾ ਨੂੰ ਉਜਾਗਰ ਕਰਦਿਆਂ ਫੁਰਮਾਉਂਦੇ ਹਨ:-

ਅਵਲਿ ਅਲਹ ਨੂਰੁ ਉਪਾਇਆ ਕੁਦਰਤਿ ਕੇ ਸਭ ਬੰਦੇ।।
ਏਕ ਨੂਰ ਤੇ ਸਭੁ ਜਗੁ ਉਪਜਿਆ ਕਉਨ ਭਲੇ ਕੋ ਮੰਦੇ।।
(ਪੰਨਾ 1349)

ਸਾਰੀ ਮਨੁੱਖਤਾ ਵਿੱਚ ਉਸ ਸਿਰਜਣਹਾਰ ਪਰਮਾਤਮਾ ਦਾ ਵਾਸ ਹੈ। ਇਸ ਲਈ ਹਰ ਮਨੁੱਖ ਨੂੰ ਸਾਰੀ ਖ਼ਲਕਤ ਨਾਲ ਪਿਆਰ ਕਰਨਾ ਚਾਹੀਦਾ ਹੈ, ਜੋ ਇੱਕ ਸੱਚੀ ਭਗਤੀ ਦਾ ਹਿੱਸਾ ਹੈ।

ਅਜੋਕੇ ਸਮੇਂ ਵਿੱਚ ਇੱਕ ਮਨੁੱਖ ਦੂਜੇ ਤੋਂ ਸਮਾਜਿਕ ਅਤੇ ਭਾਵਨਾਤਮਕ ਤੌਰ 'ਤੇ ਦੂਰ ਹੁੰਦਾ ਜਾ ਰਿਹਾ ਹੈ ਜਿਸ ਨਾਲ ਆਪਸੀ ਭਾਈਚਾਰੇ ਨੂੰ ਠੇਸ ਪਹੁੰਚਦੀ ਹੈ। ਅਗਿਆਨਤਾ ਦਾ ਸ਼ਿਕਾਰ ਮਨੁੱਖ ਇਸ ਤੱਥ ਨੂੰ ਅੱਖੋਂ ਉਹਲੇ ਕਰੀ ਬੈਠਾ ਹੈ ਕਿ ਇਸ ਦੀ ਆਪਣੀ ਹੋਂਦ ਵੀ ਭਾਈਚਾਰੇ ਦੇ ਸਿਧਾਂਤ 'ਤੇ ਅਧਾਰਤ ਹੈ। ਈਸ਼ਵਰ ਨੇ ਇਨਸਾਨ ਦੀ ਸਿਰਜਣਾ ਕਰਨ ਤੋਂ ਪਹਿਲਾਂ ਮਿੱਟੀ, ਹਵਾ, ਪਾਣੀ, ਅਗਨ ਆਦਿ ਨੂੰ ਆਪਸ ਵਿੱਚ ਮਿਲਣ ਦਾ ਹੁਕਮ ਕੀਤਾ, ਜੋ ਇੱਕ ਭਾਈਚਾਰੇ ਦਾ ਸਿਧਾਂਤ ਹੈ। ਇਸ ਦੇ ਫ਼ਲਸਰੂਪ ਇਨਸਾਨ ਹੋਂਦ ਵਿੱਚ ਆਇਆ। ਇਸ ਲਈ ਹਰ ਇਨਸਾਨ ਨੂੰ ਗੰਭੀਰਤਾ ਨਾਲ ਸੋਚਣਾ ਚਾਹੀਦਾ ਹੈ ਕਿ ਜੇਕਰ ਅਸੀਂ ਆਪਣੀਆਂ ਹੱਦਬੰਦੀਆਂ ਤੋਂ ਉੱਪਰ ਉੱਠ ਕੇ ਸਭ ਧਰਮਾਂ ਅਤੇ ਵਰਗਾਂ ਦੇ ਲੋਕਾਂ ਨੂੰ ਇੱਕ ਸੱਚੇ ਭਾਈਚਾਰੇ ਨਾਲ ਨਾ ਜੋੜਿਆ ਤਾਂ ਸਾਡੀ ਹੋਂਦ ਹੀ ਖਤਮ ਹੋ ਜਾਵੇਗੀ, ਕਿਉਂਕਿ ਇਨਸਾਨ ਦੀ ਹੋਂਦ ਇੱਕ ਸੱਚੇ ਭਾਈਚਾਰੇ 'ਤੇ ਅਧਾਰਤ ਹੈ। "ਸ਼ਬਦ ਗੁਰੂ" ਸ਼੍ਰੀ ਗੁਰੂ ਗ੍ਰੰਥ ਸਾਹਿਬ 'ਚ ਅੰਕਿਤ ਪਾਵਨ ਬਾਣੀ ਮਨੁੱਖੀ ਵਿਕਾਸ ਲਈ ਭਾਈਚਾਰੇ ਅਤੇ ਏਕਤਾ ਦਾ ਮਾਰਗ ਦਰਸਾਉਂਦੀ ਹੈ ਜਿਸ 'ਤੇ ਅਮਲ ਕਰ ਕੇ ਸਮਾਜ ਵਿੱਚ ਅਹਿੰਸਾ, ਸ਼ਾਂਤੀ ਅਤੇ ਸੰਤੁਲਨ ਕਾਇਮ ਰਹਿ ਸਕਦਾ ਹੈ। ਇਹ ਸਮੇਂ ਦੀ ਲੋੜ ਹੈ।

ਇੱਕ ਦੂਜੇ ਦਾ ਆਓ ਸਤਿਕਾਰ ਕਰੀਏ,
ਵਿਸ਼ਵ ਭਾਈਚਾਰਾ ਲੋੜ ਸੰਸਾਰ ਦੀ ਏ।
ਨਫ਼ਰਤ ਕਰਦਿਆਂ ਨਫ਼ਰਤ ਵਧੀ ਜਾਂਦੀ,
ਨਫ਼ਰਤ ਛੱਡਣਾ ਹੀ ਗੱਲ ਪਿਆਰ ਦੀ ਏ।
ਸਾਰੀ ਖ਼ਲਕਤ ਦੇ ਨਾਲ ਪਿਆਰ ਕਰੀਏ,
ਸਿੱਖਿਆ ਨਾਨਕ ਦੀ ਸੱਚੇ ਨਿਰੰਕਾਰ ਦੀ ਏ।
ਸਾਰੇ ਦੇਸ਼ਾਂ ਦਾ ਬਣੇ ਜੇ ਭਾਈਚਾਰਾ,
ਖੁਸ਼ੀ ਸਾਰਿਆਂ ਦੇ ਸਿਰਜਣਹਾਰ ਦੀ ਏ।

* * * * *

## ਮੁਫ਼ਤ ਕਾਨੂੰਨੀ ਸਹਾਇਤਾ

ਪੰਜਾਬ ਰਾਜ ਕਾਨੂੰਨੀ ਸੇਵਾਵਾਂ ਅਥਾਰਟੀ ਐਸ.ਏ.ਐਸ.ਨਗਰ ਵੱਲੋਂ ਪੰਜਾਬ ਦੇ ਹੇਠ ਲਿਖੇ ਵਰਗਾਂ ਨੂੰ ਮੁਫ਼ਤ ਕਾਨੂੰਨੀ ਸਹਾਇਤਾ ਦਿੱਤੀ ਜਾਂਦੀ ਹੈ।:-

1. ਅਨੁਸੂਚਤ ਜਾਤੀ ਜਾਂ ਕਬੀਲੇ ਦੇ ਮੈਂਬਰ
2. ਔਰਤਾਂ/ਬੱਚੇ 3. ਮਾਨਸਿਕ ਰੋਗੀ / ਅਪੰਗ
4. ਉਦਯੋਗਿਕ ਕਾਮੇ 5. ਹਵਾਲਾਤੀ /ਕੈਦੀ
6. ਬੇਗਾਰ ਦੇ ਮਾਰੇ 7. ਆਫ਼ਤਾਂ ਦੇ ਸਾਰੇ ਵਿਅਕਤੀ
8. ਹਰ ਵਿਅਕਤੀ ਜਿਸਦੀ ਸਾਲਾਨਾ ਆਮਦਨ 3 ਲੱਖ ਰੁਪਏ 5 ਰੁਪਏ ਤੋਂ ਵੱਧ ਦਾ ਹੋਵੇ।

ਇਸ ਸਹੂਲਤ ਅਧੀਨ ਮੁਫ਼ਤ ਵਕੀਲਾਂ ਦੀਆਂ ਸੇਵਾਵਾਂ ਮੁਫ਼ਤ ਸਲਹਾ-ਮਸ਼ਵਰਾ ਅਦਾਲਤ ਦੇ ਸਾਰੇ ਖਰਚੇ ਆਦਿ ਉਲਪਲੱਬਧ ਕਰਵਾਏ ਜਾਂਦੇ ਹਨ।
ਟੋਲ ਫਰੀ ਨੰ. 1968
www.pulsa.punjab.govt.in ਤੇ ਸੰਪਰਕ ਕਰੋ।



## ਸੰਗਤ ਦਾ ਅਸਰ

ਦਰਸ਼ਨ ਸਿੰਘ ਦੀਪਕ
ਪਟਿਆਲਾ

ਸਪੇਨ ਦੇ ਇੱਕ ਮੰਨੇ-ਪ੍ਰਮੰਨੇ ਨਾਟਕਕਾਰ, ਸਰਵੇਂਟਸ ਦਾ ਦਾਹਵਾ ਹੈ, "ਤੁਸੀਂ ਮੈਨੂੰ ਆਪਣੀ ਸੰਗਤ ਦੱਸੋ, ਮੈਂ ਤੁਹਾਨੂੰ ਦੱਸਾਂਗਾ- ਤੁਸੀਂ ਕੀ ਹੋ"।

ਸੋਲਾਂ ਆਨੇ ਸੱਚ! ਜਰਮਨੀ ਦੇ ਤਾਨਾਸ਼ਾਹ ਅਡਾਲਫ਼ ਹਿਟਲਰ ਬਚਪਨ ਵਿੱਚ ਬਹੁਤ ਹੀ ਆਗਿਆਕਾਰੀ, ਸੂਝਵਾਨ, ਰੌਸ਼ਨਦਿਮਾਗ ਅਤੇ ਮਿਲਣਸਾਰ ਸਨ। ਪਰੰਤੂ ਉਹ ਜਵਾਨੀ ਵਰੇਸੇ ਇੱਕ ਫਾਸ਼ੀਵਾਦੀ ਡਾਕਟਰ ਦੇ ਸੰਪਰਕ 'ਚ ਆ ਗਿਆ ਜਿਸ ਨੇ ਉਸ ਨੂੰ ਖ਼ਤਰਨਾਕ ਰਾਖ਼ਸ਼ ਵਿੱਚ ਬਦਲ ਕੇ ਰੱਖ ਦਿੱਤਾ ਜੋ ਦੂਜੇ ਵਿਸ਼ਵ ਯੁੱਧ ਦੌਰਾਨ ਲਗਭਗ 550 ਲੱਖ ਲੋਕਾਂ ਦੀ ਮੌਤ ਦਾ ਕਾਰਨ ਬਣਿਆਂ। ਬੁਰੀ ਸੰਗਤ ਨੇ ਇੱਕ ਬੀਬੇ ਅਤੇ ਸੱਭਿਅ ਹਿਟਲਰ ਨੂੰ ਹਤਿਆਰਾ ਬਣਾ ਦਿੱਤਾ।

ਤਸਵੀਰ ਦਾ ਦੂਜਾ ਰੁੱਖ। ਗੱਲ 1930ਵਿਆਂ ਦੀ ਹੈ। ਅਮਰੀਕਾ ਦੀ ਸਿੰਗ ਸਿੰਗ ਜੇਲ੍ਹ ਵਿੱਚ ਹਿੰਸਕ ਕਾਰਵਾਈਆਂ ਅਤੇ ਹੱਤਿਆਵਾਂ ਜਿਹੇ ਸੰਗੀਨ ਦੋਸ਼ਾਂ ਤਹਿਤ ਅਤਿ ਖ਼ਤਰਨਾਕ ਤੇ ਖੂੰਖਾਰ ਕੈਦੀ ਉਮਰ ਕੈਦ ਦੀ ਸਜ਼ਾ ਕੱਟ ਰਹੇ ਸਨ। ਜੇਲ੍ਹ ਦੇ ਵਾਰਡਨ ਦੀ ਪਤਨੀ ਕੈਥਰੀਨ ਲੇਵਸ, ਜੋ ਆਮ ਤੌਰ 'ਤੇ ਸਮਾਜ-ਸੇਵਾ ਅਤੇ ਮਾਨਵ-ਕਲਿਆਨ ਦੇ ਕਾਰਜਾਂ ਵਿੱਚ ਰੁੱਝੀ ਰਹਿੰਦੀ ਸੀ, ਅਕਸਰ ਇਨ੍ਹਾਂ ਕੱਟੜ ਕੈਦੀਆਂ ਨੂੰ ਪਿਆਰ ਅਤੇ ਹਮਦਰਦੀ ਨਾਲ ਮਿਲਦੀ ਸੀ। ਉਨ੍ਹਾਂ ਦੀਆਂ ਤਕਲੀਫ਼ਾਂ/ਸਮੱਸਿਆਵਾਂ ਸਹਿਜ ਤੇ ਠਰੰਮ੍ਹੇ ਨਾਲ ਸੁਣਦੀ ਸੀ। ਕੈਥਰੀਨ ਦੇ ਨਿਰੰਤਰ ਅਜਿਹੇ ਵਿਵਹਾਰ ਕਰ ਕੇ ਇਹ ਕੈਦੀ ਹੌਲੀ ਹੌਲੀ ਨਰਮ-ਦਿਲ ਅਤੇ ਕੋਮਲਭਾਵੀ ਹੋਣ ਲੱਗ ਪਏ।

ਫਿਰ ਭਾਣਾ ਇਹ ਵਰਤਿਆ ਕਿ ਇੱਕ ਦਿਨ ਅਚਾਨਕ ਕੈਥਰੀਨ ਦੀ ਇੱਕ ਸੜਕ ਹਾਦਸੇ ਵਿੱਚ ਮੌਤ ਹੋ ਗਈ। ਕੈਦੀ ਮੂਲੋਂ ਹੀ ਸੋਗ ਵਿੱਚ ਡੁੱਬ ਗਏ। ਉਨ੍ਹਾਂ ਨੇ ਕੈਥਰੀਨ ਦੇ ਅੰਤਿਮ ਦਰਸ਼ਨ ਦੀ ਇੱਛਾ ਪ੍ਰਗਟਾਈ। ਜੇਲ੍ਹ ਪ੍ਰਸ਼ਾਸਨ ਨੇ ਕੈਦੀਆਂ ਨੂੰ ਕੈਥਰੀਨ ਦੇ ਘਰ, ਜੋ ਜੇਲ੍ਹ ਤੋਂ ਦੋ ਕਿਲੋਮੀਟਰ ਦੀ ਦੂਰੀ 'ਤੇ ਸੀ, ਜਾ ਕੇ ਉਸ ਨੂੰ ਆਖ਼ਰੀ ਵਾਰ ਸ਼ਰਧਾ ਦੇ ਫੁੱਲ ਭੇਂਟ ਕਰਨ ਦੀ ਆਗਿਆ ਦੇ ਦਿੱਤੀ। ਦਿਆਲੂ ਕੈਥਰੀਨ ਨੇ ਆਪਣੇ ਜੀਵਨਕਾਲ ਦੌਰਾਨ ਇਨ੍ਹਾਂ ਕੈਦੀਆਂ ਦਾ ਐਨਾ ਕਾਇਆਕਲਪ ਅਤੇ ਹਿਰਦੇ ਪਰਿਵਰਤਨ ਕਰ ਦਿੱਤਾ ਸੀ ਕਿ ਜੇਲ੍ਹ ਪ੍ਰਸ਼ਾਸਨ ਨੇ ਉਨ੍ਹਾਂ ਨੂੰ ਬਿਨਾਂ ਕਿਸੇ ਗਾਰਡ, ਚੌਕਸੀ, ਨਿਗਰਾਨੀ ਜਾਂ ਹੱਥਕੜੀ ਦੇ ਜੇਲ੍ਹ ਤੋਂ ਬਾਹਰ ਜਾਣ ਦੀ ਸਹਿਮਤੀ ਦੇ ਦਿੱਤੀ। ਉਨ੍ਹਾਂ ਨੂੰ ਸਿਰਫ਼ ਇੰਨੀ ਹਦਾਇਤ ਕੀਤੀ ਗਈ ਕਿ ਤੁਸੀਂ 5 ਵਜੇ ਤੱਕ ਜੇਲ੍ਹ ਵਾਪਸ ਆਉਣਾ ਹੈ। ਸਾਰੇ ਕੈਦੀ 5 ਵਜੇ ਤੱਕ ਜੇਲ੍ਹ ਵਾਪਸ ਮੁੜ ਆਏ ਅਤੇ ਬਾਕੀ ਕੈਦ ਦੀ ਸਜ਼ਾ ਭੁਗਤ ਕੇ ਆਪਣੇ ਪਰਿਵਾਰਾਂ ਕੋਲ ਨਿਰੋਲ ਸੁਧਰੇ ਅਤੇ ਸਲੀਕੇਦਾਰ ਮਨੁੱਖਾਂ ਦੇ ਰੂਪ 'ਚ ਪਹੁੰਚੇ।

ਇਹੋ ਚੰਗੀ ਅਤੇ ਮਾੜੀ ਸੰਗਤ ਦਾ ਪ੍ਰਭਾਵ ਹੈ ਜੋ ਮਨੁੱਖੀ ਜੀਵਨ ਵਿੱਚ ਚੰਗਾ-ਮਾੜਾ ਬਦਲਾਅ ਲਿਆਉਂਦਾ ਹੈ। ਮਾੜੀ ਸੰਗਤ ਜੇ ਇੱਕ ਮਾਸੂਮ ਬੱਚੇ ਨੂੰ ਹਿਟਲਰ ਬਣਾ ਸਕਦੀ ਹੈ ਤਾਂ ਚੰਗੀ ਸੰਗਤ ਖ਼ਤਰਨਾਕ ਕੈਦੀਆਂ ਨੂੰ ਭਲੇ ਮਨੁੱਖਾਂ ਵਿੱਚ ਵੀ ਤਬਦੀਲ ਕਰ ਸਕਦੀ ਹੈ।

ਮੋਬਾ. 9876104919

* * * * *



ਕਵਿਤਾ

## ਅਕਲ ਪ੍ਰੀਖਿਆ

ਸਵ.ਰਾਮ ਰੱਖਾ ਸਿੰਘ,
ਸੀਤਲ ਸਿੰਘ ਸੈਣੀ ਲੁਧਿਆਣਾ

ਦਿਲੋਂ ਹਸਮੁੱਖ ਅਕਬਰ ਰਾਜਾ, ਨਿੱਘਾ ਤੇ ਮਹਾਨ।
ਨੌਂ ਰਤਨ ਦਰਬਾਰੀਆਂ, ਸੰਗ ਰਖੇ ਨਿੱਤ ਰੁਝਾਨ।
ਦਰਸਨ ਪਰਸਨ ਉਸ ਦਾ ਕਰ ਕੇ, ਪਿਆ ਚੜ੍ਹੇ ਸਰੂਰ।
ਨੌਂ ਰਤਨ ਸੋਹਣ ਬੈਠੇ, ਵਿੱਚ ਦਰਬਾਰ ਹਜ਼ੂਰ।
ਪ੍ਰਸ਼ਨ ਸੀ ਕਰਦਾ ਨਾਲ ਵਰਤਕੇ, ਅਜਿਹੇ ਤੌਰ ਤਰੀਕੇ।
ਅਕਲੋਂ ਬਾਝ ਨਾ ਉੱਤਰ ਆਵੈ, ਰਹਿਣ ਚੁੱਪ ਚੁਪੀਤੇ।

ਕੱਢੀ ਲਕੀਰ ਰਾਜੇ ਇੱਕ ਲੰਮੀ, ਨਾਲ ਮਾਣ ਅਰ ਤਾਣ।
ਕਰੇ ਛੋਟੀ ਬਿਨ ਕੋਈ ਮੇਟੇ, ਦਿੱਤਾ ਉਸ ਫੁਰਮਾਣ।
ਫ਼ਸੇ ਅਚੰਭੇ ਸਭ ਰਤਨ, ਪਏ ਆਪੋਂ ਬਿਟ ਬਿਟ ਝਾਕਣ।
ਫੁਰੇ ਨਾ ਉੱਤਰ ਉਨ੍ਹਾਂ ਤਾਈਂ, ਵਿੱਚ ਕੁਬਿੱਧੀ ਕੀ ਉਹ ਆਖਣ।

ਹੋ ਨਿਰਾਸ਼ ਬਿਨ ਫ਼ੁਰਮਾਏ, ਬਣੇ ਸ਼ਕਲੋਂ ਖਿੱਚੋਤਾਣੀ।
ਬੀਰਬਲ ਉੱਠ ਬੋਲਿਆ, ਇਹੋ ਕਿਹੜਾ ਕੰਮ ਵਡਾਣੀ।
ਖਿੱਚੀ ਲਕੀਰ ਨਾਲ ਪਹਿਲੀ ਦੇ, ਇੱਕ ਹੋਰ ਨਵੀਂ ਵਡੇਰੀ।
ਬਿਨ ਮੇਟੇ ਲਉ ਸ਼ਾਹ ਜੀ, ਲਕੀਰ ਤੁਹਾਡੀ ਬਣੀ ਛੋਟੇਰੀ।

ਖਿੜ ਖਿੜਾ ਕੇ ਹੱਸਿਆ ਅਕਬਰ, ਠੰਢੇ ਪਏ ਦਰਬਾਰੀ।
ਅਕਬਰ ਆਖੇ ਬੀਰਬਲ, ਜਾਵਾਂ ਤੇਰੀ ਅਕਲੋਂ ਬਲਿਹਾਰੀ।

* * * * *

## *New Life Members of Saini Bhawan*



1. **S. Manmohan Singh**
   S/o S. Ajmer Singh,
   # 3959, 32A, Chd. Road,
   Ludhiana



2. **S. Ranbir Singh**
   #148, Sun Enclave,
   Rupnagar



ਪੜ੍ਹਨਯੋਗ ਨਾਵਲ -


## ਖ਼ਜ਼ਾਨਾ ਰੋਡਵੇਜ਼ - ਲੇਖਕ ਸਤਬੀਰ ਅਮਰਜੀਤ

**ਰਿਵਿਊਕਾਰ - ਡਾ. ਜਸਵੰਤ ਕੌਰ**
**ਸੈਣੀ ਭਵਨ ਰੂਪਨਗਰ**

ਇਸ ਨਾਵਲ ਵਿੱਚ ਬਿਆਨ ਕੀਤੀ ਕਹਾਣੀ ਅਜੋਕੇ ਪੰਜਾਬ ਦੀ ਹੈ ਜਿਸ ਵਿੱਚ ਨੌਜਵਾਨ ਪੜ੍ਹ-ਲਿਖ ਕੇ ਵਿਹਲੇ ਫਿਰਦੇ ਹਨ। ਨੌਕਰੀਆਂ ਮਿਲਦੀਆਂ ਨਹੀਂ। ਬਹੁਤ ਸਾਰੇ ਨੌਜਵਾਨ ਆਇਲੈਟਲਸ ਕਰਕੇ ਸਟੱਡੀ ਵੀਜ਼ੇ 'ਤੇ ਬਾਹਰਲੇ ਮੁਲਕਾਂ ਵੱਲ ਭੱਜ ਰਹੇ ਹਨ। ਲੰਮਾਂ ਸਮਾਂ ਹੋ ਗਿਆ ਦੇਸ਼ ਨੂੰ ਆਜ਼ਾਦ ਹੋਇਆਂ, ਅਜੇ ਲੋਕਾਂ ਨੂੰ ਉਨ੍ਹਾਂ ਦੇ ਹੱਕ ਕਿੱਥੇ ਮਿਲੇ ਹਨ? ਨਾ ਹੀ ਕਿਸਾਨਾਂ ਨੂੰ ਫ਼ਸਲਾਂ ਦਾ ਸਹੀ ਮੁੱਲ ਮਿਲਦਾ, ਨਾ ਹੱਕ-ਸੱਚ ਦਾ ਇਨਸਾਫ਼, ਨਾ ਪੜ੍ਹਿਆਂ-ਲਿਖਿਆਂ ਨੂੰ ਨੌਕਰੀਆਂ। ਸਾਰੀਆਂ ਸ਼ਕਤੀਆਂ ਅਮੀਰਾਂ ਜਾਂ ਰਾਜਨੀਤਕਾਂ ਦੇ ਹੱਥ ਵਿੱਚ ਹੀ ਹਨ। ਆਜ਼ਾਦੀ ਲਈ ਲੜਨ ਵਾਲਿਆਂ ਨੂੰ ਵੀ ਹੱਕ ਨਹੀਂ ਮਿਲੇ। ਹਾਕਮ ਬਦਲੀ ਜਾਂਦੇ ਹਨ ਸਿਸਟਮ ਉੱਥੇ ਹੀ ਹੈ। ਅਮੀਰ ਹੋਰ ਅਮੀਰ ਹੋਈ ਜਾਂਦਾ, ਗਰੀਬ ਹੋਰ ਗਰੀਬ। ਅੰਗਰੇਜ਼ ਚਲੇ ਗਏ, ਲੋਕਾਂ ਨੂੰ ਲੁੱਟਣ ਲਈ ਕਾਲੇ ਅੰਗਰੇਜ਼ ਰਹਿ ਗਏ।

ਜਿਸ ਪਿੰਡ ਦੀ ਕਹਾਣੀ ਇਸ ਨਾਵਲ ਵਿੱਚ ਬਿਆਨੀ ਗਈ ਹੈ ਉਹ ਪੰਜਾਬ ਦੇ ਦਰਿਆ ਦੇ ਕੰਢੇ ਵਸਿਆ ਪਿੰਡ ਬਹਾਦਰਪੁਰ ਹੈ। ਇਸ ਦਾ ਨਾਂ ਪਿੰਡ ਦੇ ਮਸ਼ਹੂਰ ਅਮੀਰ ਬਹਾਦਰ ਸ਼ਾਹ ਦੇ ਨਾਂ ਤੇ ਹੈ 'ਬਹਾਦਰਗੜ੍ਹ'। ਇਸ ਪਿੰਡ ਦੇ ਪੁਰਖੇ ਪਹਿਲਾਂ ਮੁਗਲਾਂ ਦੇ, ਫਿਰ ਸਿੱਖ ਰਾਜਿਆਂ ਦੇ ਤੇ ਫਿਰ ਅੰਗਰੇਜ਼ਾਂ ਸਮੇਂ ਵੱਡੇ ਵੱਡੇ ਅਹੁਦਿਆਂ ਤੇ ਸਨ। ਉਨ੍ਹਾਂ ਨੇ ਇਨ੍ਹਾਂ ਦੀ ਇਮਾਨਦਾਰੀ ਤੋਂ ਖੁਸ਼ ਹੋ ਕੇ ਵੱਡੀਆਂ ਜਾਗੀਰਾਂ,ਸੋਨਾਂ ਚਾਂਦੀ, ਹੀਰੇ ਧਨ ਦੌਲਤਾਂ ਇਨਾਮ ਵਜੋਂ ਦਿੱਤੇ ਹੋਏ ਸਨ। ਕਾਫ਼ੀ ਕੁੱਝ ਤਾਂ ਅੰਗਰੇਜ਼ਾਂ ਨੇ ਉਨ੍ਹਾਂ ਤੋਂ ਖੋਹ ਲਿਆ ਸੀ ਫਿਰ ਵੀ ਆਪਣੀ ਜ਼ਮੀਨ ਵਿੱਚੋਂ ਲੋਕਾਂ ਦੀ ਮਦਦ ਕਰਦੇ ਰਹਿੰਦੇ ਸਨ। ਦੇਸ਼-ਵੰਡ ਤੋਂ ਬਾਅਦ ਬਹਾਦਰ ਸ਼ਾਹ ਤੇ ਉਸ ਦਾ ਪਰਿਵਾਰ ਪਾਕਿਸਤਾਨ ਚਲੇ ਗਿਆ ਸੀ ਪਰ ਬਹਾਦਰਸ਼ਾਹ ਦਾ ਮਹਿਲ ਅਜੇ ਵੀ ਪਿੰਡ ਦੇ ਪਿਛਲੇ ਪਾਸੇ ਖੰਡਰ ਦੇ ਰੂਪ ਵਿੱਚ ਹੈ। ਨਾਵਲਕਾਰ ਨੇ ਉਸ ਮਹਿਲ ਦਾ ਪੂਰਾ ਨਕਸ਼ਾ ਬਿਆਨਿਆਂ ਹੈ। ਖਸਤਾ ਹਾਲਤ ਉੱਜੜੇ ਮਹਿਲ ਵਿੱਚ ਜਾਨਵਰਾਂ ਅਤੇ ਜ਼ਹਿਰੀਲੇ ਜੀਵਾਂ ਦਾ ਵਾਸਾ ਹੈ। ਇਸ ਮਹਿਲ ਜਿਸ ਵਿਚ ਬਹਿ ਕੇ ਲੇਖਕ ਨੇ ਕਹਾਣੀ ਉਸਾਰੀ ਹੈ। ਇਹ ਪਿੰਡ ਤੋਂ 500 ਮੀਟਰ ਦੀ ਦੂਰੀ ਤੇ ਹੀ।

ਲੇਖਕ ਦੇ ਪਿਤਾ 10ਵੀਂ ਤੋਂ ਬਾਅਦ ਉਸ ਨੂੰ ਇੰਜੀਨੀਅਰਿੰਗ ਕਰਵਾ ਕੇ ਉੱਚੀ ਨੌਕਰੀ ਕਰਵਾਉਣੀ ਚਾਹੁੰਦੇ ਸਨ। ਹਰੇਕ ਨੂੰ ਇੰਜੀਨੀਅਰਿੰਗ ਕਰ ਕੇ ਬਾਹਰ ਜਾਣ ਦੀ ਹੋੜ ਲੱਗੀ ਹੋਈ ਸੀ। ਲੇਖਕ ਤੇ ਉਸ ਦਾ ਦੋਸਤ ਸਰਕਾਰੀ ਬੱਸ ਚੜ੍ਹ ਕੇ ਸ਼ਹਿਰ ਪੜ੍ਹਨ ਜਾਂਦੇ ਸਨ। ਬੱਸ ਦੇ ਡਰਾਈਵਰ ਤੇ ਕੰਡਕਟਰ ਵੀ ਠੇਕੇ ਦੇ ਮੁਲਾਜ਼ਮ ਸਨ। ਲੇਖਕ ਦੇ ਦੋਸਤ ਪੜ੍ਹ ਕੇ ਆ ਕੇ ਜੀਤੇ ਦੇ ਕਾਰਖਾਨੇ ਬਹਿ ਜਾਂਦੇ ਜੋ ਘਰ ਦੇ ਅਣਸੁਖਾਵੇਂ ਹਾਲਾਤ ਕਰਕੇ ਪੜ੍ਹ ਨਹੀਂ ਸੀ ਸਕਿਆ ਅਤੇ ਮੋਟਰਸਾਈਕਲ-ਮਕੈਨਿਕ ਬਣ ਗਿਆ ਸੀ। ਲੇਖਕ ਨੇ ਨਾਵਲ ਵਿੱਚ ਥੋੜ੍ਹੇ ਸਮੇਂ ਵਿੱਚ ਹੀ ਸਮਾਜ ਵਿੱਚ ਆਈ ਤਬਦੀਲੀ ਬਿਆਨ ਕਰਨ ਦੀ ਕੋਸ਼ਿਸ਼ ਕੀਤੀ ਹੈ ਜਿਸ ਨਾਲ ਪੰਜਾਬ ਵਿੱਚ ਤੇਜ਼ੀ ਨਾਲ ਜੋ ਬਦਲਾ ਆਇਆ ਉਸਦਾ ਬਿਆਨ ਹੈ। ਲੇਖਕ ਅਨੁਸਾਰ ਇਸ ਨਾਵਲ ਦੀਆਂ ਘਟਨਾਵਾਂ ਅਤੇ ਨਾਂ-ਥਾਂ ਕਲਪਿਤ ਹਨ। ਹੱਡਬੀਤੀਆਂ, ਜਗਬੀਤੀਆਂ, ਅਤੇ ਦੋਸਤਾਂ ਦੀਆਂ ਕਹਾਣੀਆਂ ਵੀ ਹਨ। ਉਨ੍ਹਾਂ ਦੀਆਂ ਖੁਸ਼ੀਆਂ, ਗਮ ਵੀ ਹਨ। ਲੇਖਕ ਤਸਦੀਕ ਕਰਦਾ ਹੈ ਕਿ ਨਾਵਲ ਦੀ ਅੰਤਲੀ ਕਹਾਣੀ ਭਾਵੇਂ ਅਸਲ ਹੈ ਪਰ ਸਮੇਂ ਸਥਾਨ ਅਨੁਸਾਰ ਤਬਦੀਲੀ ਵੀ ਕੀਤੀ ਗਈ ਹੈ।




ਲੇਖਕ ਬੇਰੁਜ਼ਗਾਰ ਹੋਣ ਕਰਕੇ ਆਪਣੇ ਵਰਗੇ ਦੋਸਤਾਂ ਨਾਲ ਇਧਰ ਉਧਰ ਦੇ ਕੰਮਾਂ ਵਿੱਚ ਰੁੱਝਿਆ ਰਹਿੰਦਾ ਹੈ। ਖਜਾਨਾ ਇੱਕ ਪੁਰਾਣੇ ਮਹਿਲ ਵਿੱਚੋਂ ਮਿਲਦਾ ਹੈ। ਇਸ ਨੂੰ ਆਪਣਾ ਜੀਵਨ ਸੁਧਾਰਨ ਲਈ ਨਹੀਂ ਵਰਤਦਾ ਸਗੋਂ ਮਿੱਤਰਾਂ-ਦੋਸਤਾਂ ਨਾਲ ਮਿਲ ਕੇ ਉਸ ਦੀਆਂ ਪੁਰਾਣੀਆਂ ਚੀਜ਼ਾਂ ਵਿੱਚ ਹੀ ਖਚਿੱਤ ਰਹਿੰਦੇ ਹਨ। ਕਾਲਜ ਵਿੱਚ ਇੰਜੀਨੀਅਰਿੰਗ ਕਰਦਿਆਂ ਦੋਸਤਾਂ ਨਾਲ ਕਈ ਕੁਝ ਵਾਪਰਦਾ ਹੈ। ਪਿਆਰ ਦੇ ਕੁਝ ਤਾਮ ਝਾਮ ਵੀ ਵਾਪਰਦੇ ਹਨ। ਬਦਲਦੇ ਸਮਾਜ ਵਿੱਚ ਕਾਰਾਂ ਆਦਿ ਦੇ ਮਾਡਲਾਂ 'ਤੇ ਵੀ ਚਰਚਾ ਹੁੰਦੀ ਰਹਿੰਦੀ। ਅਮੀਰ ਠਾਣੇਦਾਰ ਬਾਪ ਦੀ ਬੇਟੀ, ਜੱਸੀ ਨਾਲ ਪਿਆਰ ਪੀਂਘਾਂ ਦੇ ਹੁਲਾਰੇ ਲੈਣ ਦੇ ਸੁਪਨੇ ਵੀ ਲਏ ਜਾਂਦੇ ਹਨ।

ਮੁੱਖ ਪਾਤਰ, ਲੱਖੇ ਨੂੰ ਪੰਜਾਬ ਦਾ ਫ਼ਿਕਰ ਵੀ ਰਹਿੰਦਾ ਹੈ। ਇੱਥੇ ਵਾਪਰਦੀਆਂ ਤਬਦੀਲੀਆਂ ਵਾਲੇ ਹਾਲਾਤ ਉਸ ਦੇ ਦਿਮਾਗ ਵਿੱਚ ਵੀ ਹਲਚਲ ਮਚਾਉਂਦੇ ਰਹਿੰਦੇ ਹਨ। ਨਸ਼ਿਆਂ ਨਾਲ ਨੌਜਵਾਨਾਂ ਦੀਆਂ ਮੌਤਾਂ ਦੇ ਭਾਣੇ ਵੀ ਵਾਪਰਦੇ ਹਨ। ਇਹ ਦੇ ਮਿੱਤਰਾਂ ਦਾ ਟੋਲਾ ਵਿਆਹਾਂ ਸ਼ਾਦੀਆਂ 'ਤੇ ਜਾ ਕੇ ਦਾਰੂ ਸਿੱਕੇ ਵੱਲ ਹੀ ਧਿਆਨ ਰੱਖਦੇ ਹਨ। ਕਾਲਜ ਪੜ੍ਹਦੇ ਮੁੰਡਿਆਂ ਵਿੱਚ ਜਿਹੜੀਆਂ ਵਹਿਬਤਾਂ ਹੁੰਦੀਆਂ ਹਨ(ਖਾਸ ਕਰਕੇ ਵਿਗੜੇ ਹੋਏ ਪਾੜ੍ਹਿਆਂ ਦੇ) ਉਹ ਵੀ ਇਹਨਾਂ ਵਿੱਚ ਹਨ। ਮਕੈਨਿਕ ਯਾਰ ਜੀਤਾ ਹਰ ਵੇਲੇ ਇਨ੍ਹਾਂ ਨਾਲ ਮੇਲ ਜੋਲ ਰੱਖਦਾ ਹੈ। ਪਿੰਡ ਦੇ ਮੋਹਤਬਰ ਬੰਦਿਆਂ(ਬੱਲੀ ਤਾਇਆ ਜੀ ਵਰਗਿਆਂ) ਨਾਲ ਵੀ ਗੱਠ ਜੋੜ ਰੱਖਦਾ ਹੈ। ਘਰ ਦੀ ਆਰਥਿਕ ਹਾਲਾਤ ਮਾੜੀ ਹੈ। ਘਰ ਵੀ ਪੁਰਾਣਾ, ਖੇਤੀ-ਪੱਤੀ ਦੀ ਵੀ ਹਾਲ ਖਸਤਾ ਹੀ ਹੈ। ਬਾਪ ਚਾਹੁੰਦਾ ਹੈ ਕਿ ਪੜ੍ਹ

ਲੱਖੇ ਦੀ ਪੜ੍ਹਾਈ ਲਈ ਲਿਆ ਕਰਜ਼ਾ ਸਰਪੰਚ ਦੀ ਬੇਈਮਾਨੀ ਕਰਕੇ ਵਧਦਾ ਜਾ ਰਿਹਾ ਹੈ। ਨੌਕਰੀਆਂ ਦਾ ਹਾਲ ਪੰਜਾਬ ਵਿਚ ਹੀ ਮਾੜਾ ਨਹੀ, ਗਵਾਂਢੀ ਸੂਬਿਆਂ ਵਿੱਚ ਵੀ ਇਹੀ ਹਾਲ ਹੈ। ਨਾਲੇ ਉਹ ਨੌਕਰੀ ਆਪਣੇ ਸੂਬੇ ਦੇ ਬੰਦਿਆਂ ਨੂੰ ਹੀ ਦਿੰਦੇ ਹਨ। ਇੱਧਰ ਜ਼ਮੀਨ ਗਹਿਣੇ ਰੱਖ ਕੇ ਲਏ ਕਰਜ਼ੇ ਨੂੰ ਨੌਕਰੀ ਬਿਨਾਂ ਕਿਵੇਂ ਮੋੜਿਆ ਜਾ ਸਕਦਾ?

ਕਿਸੇ ਕੇਫੈ ਵਿੱਚ ਨੌਕਰੀ ਕਰਕੇ ਵੀ ਘਰ ਕਿਵੇਂ ਚਲ ਸਕਦਾ? ਬੱਸ ਵਕਤ ਨੂੰ ਧੱਕਾ ਹੀ ਦਿੱਤਾ ਸਕਦਾ। ਇਸ ਨਾਵਲ ਨੂੰ ਲਿਖਣ ਦਾ ਮਕਸਦ ਇਹ ਦਰਸਾਉਣਾ ਵੀ ਹੈ ਕਿ ਪੰਜਾਬ ਦੀ ਪੜ੍ਹੀ ਲਿਖੀ ਜਵਾਨੀ ਕਿਹੜੀਆਂ ਮਜ਼ਬੂਰੀਆਂ ਵਿੱਚ ਨਸ਼ਿਆਂ, ਚੋਰੀਆਂ, ਗੁੰਡਾਗਰਦੀ ਵੱਲ ਵਧੀ ਹੈ ਤੇ ਕਿਹੜੇ ਕਾਰਨਾਂ ਕਰਕੇ ਬਾਹਰਲੇ ਮੁਲਕਾਂ ਵੱਲ ਭੱਜ ਰਹੀ ਹੈ

ਇਹ ਨਾਵਲ ਸਤਬੀਰ-ਅਮਰਜੀਤ ਦੀ ਪਲੇਠੀ ਰਚਨਾ ਹੈ। ਇਸ ਦੀ ਕਹਾਣੀ ਲੱਖੀ (ਨਾਇਕ) ਦੇ ਦੁਆਲੇ ਹੀ ਉੱਸਰੀ ਹੈ। ਪਾਤਰ ਬਹੁਤੇ ਨਹੀ। ਨਾਵਲ ਵਿੱਚ ਕੁਝ ਘਟਨਾਵਾਂ ਤਾਂ ਇਸ ਤਰ੍ਹਾਂ ਵਾਪਰਦੀਆਂ ਹਨ ਜਿਨ੍ਹਾਂ ਬਾਰੇ ਪਾਠਕ ਨੇ ਕਲਪਨਾ ਵੀ ਨਹੀ ਕੀਤੀ ਹੁੰਦੀ। 2005 ਤੋਂ 2015 ਤੱਕ ਦਾ ਸਮਾਂ ਨਾਵਲ ਵਿੱਚ ਦਾ ਹੈ। ਉਦੋਂ ਆਇਲੈਟਸ ਤਾਂ ਬੱਚੇ ਕਰਦੇ ਸਨ ਪਰ ਬਾਹਰਲੇ ਮੁਲਕਾਂ ਵਿਚ ਜਾਣ ਦਾ ਬਹੁਤਾ ਰੁਝਾਨ ਨਹੀ ਸੀ ਸਗੋਂ ਡਾਕਟਰੀ ਅਤੇ ਇੰਜੀਨੀਅਰਿੰਗ ਕਰ ਕੇ ਇਥੇ ਰਹਿ ਕੇ ਹੀ ਨੌਕਰੀ ਪ੍ਰਾਪਤ ਕਰਨ ਦਾ ਮੁੱਖ ਮੰਤਵ ਹੁੰਦਾ ਹੈ। ਇਸੇ ਕਰ ਕੇ ਉਸ ਸਮੇਂ ਪੰਜਾਬ ਵਿਚ ਬਹੁਤ ਸਾਰੇ ਇੰਜਨੀਅਰਿੰਗ ਕਾਲਜ ਖੁੱਲ੍ਹੇ। ਇਨ੍ਹਾਂ ਕਾਲਜਾਂ ਵਿਚ ਹੀ ਲੇਖਕ ਅਤੇ ਉਸਦੇ ਸਾਥੀ ਪੜ੍ਹਨ ਲੱਗੇ। ਇਨ੍ਹਾਂ ਪਲਾਂ ਨੂੰ ਦਿਲਚਸਪ ਬਨਾਉਣ ਲਈ ਲੇਖਕ ਨੇ ਹਾਸਾ-ਮਜ਼ਾਕ, ਕਲਪਨਾ, ਪਿੰਡ ਦਾ ਸਭਿਆਚਾਰ, ਪਿੰਡ ਦੀ ਰਾਜਨੀਤੀ, ਪਿਆਰ-ਮੁਹੱਬਤ ਆਦਿ ਵਰਗੇ ਬਹੁਤ ਰੰਗ ਭਰੇ ਹਨ। ਬੇਰੁਜ਼ਗਾਰੀ ਦੇ ਸੰਤਾਪ ਭੋਗਦੇ ਪੰਜਾਬ ਦੇ ਲੋਕਾਂ ਦੇ ਅਹਿਸਾਸ ਬਿਆਨਦਿਆਂ ਆਪਣੇ ਧੀਆਂ-ਪੁੱਤਾਂ ਨੂੰ ਵਿਦੇਸ਼ਾਂ ਵਿਚ ਉਜੜਦਾ ਮਹਿਸੂਸ ਕਰਦਾ ਹੈ। ਅੰਦਰੋਂ ਖਾਲੀ ਜਿਹਾ ਹੁੰਦਾ ਜਾਂਦਾ ਹੈ—'ਇਹ ਮੈਂ ਹੀ ਹਾਂ, ਜੋ ਪੰਜਾਬ ਕਹਾਉਂਦਾ ਹੈ—ਜੋ ਪੰਜਾਬ ਕਹਾਉਂਦਾ ਹੈ'। ਇਹ ਲੇਖਕ ਅੰਦਰੋਂ ਨਿਕਲੀ ਹੂਕ ਹੈ।

ਨਾਵਲ ਦੇ ਅਖੀਰਲੇ ਸਫ਼ਿਆਂ ਵਿੱਚ ਨਸ਼ੇ ਦੇ ਸੌਦਾਗਰਾਂ ਨੂੰ ਲੋਕਾਂ ਦੀ ਸੱਥ ਵਿੱਚ ਨੰਗੇ ਕਰਕੇ ਉਨ੍ਹਾਂ ਦੇ ਪਾਜ ਫਰੋਲੇ ਗਏ ਹਨ। ਦੁਨੀਆਂ ਦੇ ਸਾਹਮਣੇ ਰੋਡਵੇਜ਼ ਦੀ ਬੱਸ ਪੁਲ ਦੇ ਵਿਚਕਾਰ ਖੜ੍ਹੀ ਕਰ ਕੇ ਉਸ ਬੱਸ ਵਿੱਚੋਂ ਮਿਲੀ ਨਸ਼ੇ ਦੀ ਵੱਡੀ ਖੇਪ ਬਾਰੇ ਲੋਕਾਂ ਨੂੰ ਜਾਣਕਾਰੀ ਦੇ ਕੇ ਨਸ਼ਾ ਵੇਚਣ ਵਾਲਿਆਂ ਨੂੰ ਲੋਕਾਂ ਵਿੱਚ ਸ਼ਰੇਆਮ ਬੇਪਰਦ ਕੀਤਾ ਹੈ। ਲੋਕ ਵੀ ਅਜਿਹੇ ਲੋਕਾਂ 'ਤੇ ਥੂਹ-ਥੂਹ ਕਰਦੇ ਹਨ। ਇਉਂ ਇਸ ਨਾਵਲ ਦਾ ਵਿਸ਼ਾ ਬਹੁ-ਪੱਖੀ ਹੈ। ਉਸ ਦੀ ਇਸ ਕਾਲਪਨਿਕ ਕਹਾਣੀ ਵਿੱਚ ਆਪਣੀ ਕਿਸਮਤ ਦੇ ਮਿਲੇ ਖਜਾਨੇ ਨਾਲ ਪੰਜਾਬ ਦੀ ਜਵਾਨੀ ਨੂੰ ਬਚਾਉਣ ਦੀ ਪੂਰੀ ਕੋਸ਼ਿਸ਼ ਕੀਤੀ ਹੈ।

### ਸਿਹਤਮੰਦ ਜੀਵਨ ਜਾਚ

## ਬਜ਼ੁਰਗੋ ਜ਼ਿਆਦਾ ਗੱਲਾਂ ਕਰਿਆ ਕਰੋ

ਆਮ ਤੌਰ 'ਤੇ ਸੀਨੀਅਰ ਸਿਟੀਜ਼ਨ ਜ਼ਿਆਦਾ ਗੱਲਾਂ ਕਰਦੇ ਹਨ। ਕਈ ਲੋਕ ਇਸ ਨੂੰ ਠੀਕ ਨਹੀ ਸਮਝਦੇ। ਪਰ ਡਾਕਟਰਾਂ ਅਨੁਸਾਰ ਇਹ ਚੰਗੀ ਗੱਲ ਹੈ।


ਡਾਕਟਰ ਕਹਿੰਦੇ ਹਨ ਕਿ ਰਿਟਾਇਰ ਹੋਏ ਸੀਨੀਅਰ ਸਿਟੀਜ਼ਨ ਨੂੰ ਵੱਧ ਗੱਲਾਂ ਕਰਨੀਆਂ ਚਾਹੀਦੀਆਂ ਹਨ। ਇਹਦੇ ਨਾਲ ਯਾਦ ਸ਼ਕਤੀ ਤੇਜ਼ ਰਹਿੰਦੀ ਹੈ। ਗੱਲਾਂ ਨਾ ਭੁੱਲਣ,ਇਸ ਲਈ ਇੱਕੋ ਤਰੀਕਾ ਹੈ ਕਿ ਗੱਲਾਂ ਜ਼ਿਆਦਾ ਕਰੋ। ਇਸ ਤੇ ਤਿੰਨ ਫ਼ਾਇਦੇ ਹਨ-

ਪਹਿਲਾ, ਬੋਲਣ ਜਾਂ ਗੱਲਾਂ ਕਰਨ ਨਾਲ ਦਿਮਾਗ ਚੁੱਸਤ ਰਹਿੰਦਾ ਹੈ। ਭਾਸ਼ਾ ਅਤੇ ਵਿਚਾਰ ਇਕ ਦੂਜੇ ਦੀ ਗੱਲ ਪਹੁੰਦਾਉਂਦੇ ਹਨ। ਖ਼ਾਸ ਕਰਕੇ ਜਦੋਂ ਅਸੀਂ ਤੇਜ ਬੋਲਦੇ ਹਾਂ ਤਾਂ ਸੋਚ-ਸ਼ਕਤੀ ਵੀ ਤੇਜ਼ ਹੋ ਜਾਂਦੀ ਹੈ ਜੋ ਯਾਦ-ਸ਼ਕਤੀ ਨੂੰ ਵਧਾਉਦੀ ਹੈ। ਜਿਹੜੇ ਬਜ਼ੁਰਗ ਘੱਟ ਬੋਲਦੇ ਹਨ ਉਨ੍ਹਾਂ ਦੀ ਯਾਦਾਸ਼ਤ ਘਟਦੀ ਜਾਂਦੀ ਹੈ।

ਦੂਜਾ, ਬੋਲਣ ਨਾਲ ਦਿਮਾਗ ਦਾ ਬੋਝ ਘਟਦਾ ਹੈ, ਦਿਮਾਗ ਬੀਮਾਰ ਨਹੀਂ ਹੁੰਦਾ, ਇਸ ਦਾ ਸਟਰੈੱਸ ਵੀ ਘਟ ਜਾਂਦਾ ਹੈ। ਜਦੋਂ ਅਸੀਂ ਕੁਝ ਨਹੀਂ ਬੋਲਦੇ, ਗੱਲਾਂ ਦਿਲ ਵਿਚ ਦੱਬੀ ਰੱਖਦੇ ਹਾਂ, ਇਸ ਨਾਲ ਦਿਲ ਦੀ ਘੁਟਣ ਵਧ ਜਾਂਦੀ ਹੈ। ਇਹ ਸੱਚੀ ਗੱਲ ਹੈ ਕਿ ਬਜ਼ੁਰਗਾਂ ਨੂੰ ਬੋਲਣ ਦੇ ਮੌਕੇ ਦੇਣੇ ਚਾਹੀਦੇ ਹਨ ।

ਤੀਜਾ, ਗੱਲਾਂ ਕਰਨ ਨਾਲ ਚਿਹਰੇ ਦੇ ਪੱਠੇ ਵੀ ਖਿੱਚੇ ਜਾਂਦੇ ਅਤੇ ਹਿਲਦੇ ਹਨ, ਗਲੇ ਦੀ ਕਸਰਤ ਵੀ ਹੁੰਦੀ ਹੈ, ਨਾਲ ਨਾਲ ਫੇਫੜਿਆਂ ਦੀ ਵੀ ਕਸਰਤ ਹੁੰਦੀ ਰਹਿੰਦੀ ਹੈ। ਇਸ ਨਾਲ ਅੱਖਾਂ ਅਤੇ ਕੰਨਾਂ ਦੇ ਘੱਟ ਕੰਮ ਕਰਨ ਦਾ ਖਤਰਾ ਵੀ ਘਟ ਜਾਂਦਾ ਹੈ। ਅਜਿਹਾ ਕਰਨ ਨਾਲ ਦਿਮਾਗੀ ਸੁਸਤੀ ਅਤੇ ਬੋਲੇਪਨ ਦੇ ਖਤਰੇ ਤੋਂ ਵੀ ਬਚਾਅ ਹੋਇਆ ਰਹਿੰਦਾ ਹੈ।

ਸੰਖੇਪ ਵਿਚ ਕਹਿ ਸਕਦੇ ਹਾਂ ਕਿ ਰਿਟਾਇਰੀਆਂ ਨੂੰ ਐਲਜਾਇਮਰ ਤੋਂ ਬਚਾਉਂਣ ਦਾ ਇੱਕੋ ਇੱਕ ਤਰੀਕਾ ਹੈ ਕਿ ਉਨ੍ਹਾਂ ਨੂੰ ਵੱਧ ਤੋਂ ਵੱਧ ਗੱਲਾਂ ਕਰਨ ਅਤੇ ਆਪਸ ਵਿਚ ਬੋਲ ਚਲਣ ਲਈ ਮੌਕੇ ਮੁਹੱਈਆ ਕਰਵਾਉਂਦੇ ਰਹਿਣਾ ਚਾਹੀਦਾ ਹੈ।




ਮਹਾਨ ਕਾਂਤੀਕਾਰੀ ਸਵਿੱਤਰੀ ਬਾਈ ਫੂਲੇ ਜੀ ਦਾ ਜਨਮ ਦਿਨ ਮਨਾਉਂਦੇ ਹੋਏ ਸੈਣੀ ਮਹਾਂਸਭਾ(ਰਜਿ.) ਪੰਜਾਬ ਦੇ ਅਹੁਦੇਦਾਰ

# ਸੈਣੀ ਭਵਨ ਦੀਆਂ ਸਰਗਰਮੀਆਂ - ਤਸਵੀਰਾਂ ਦੀ ਜ਼ੁਬਾਨੀ




ਸੈਂਟ ਕਾਰਮਲ ਸਕੂਲ ਕਟਲੀ ਦੀ ਡਵੈਲਮਿੰਟ ਮੈਨੇਜਰ ਸ੍ਰੀਮਤੀ ਜਯਾ ਸੈਣੀ "ਸੈਣੀ ਸੰਸਾਰ" ਮੈਗਜ਼ੀਨ ਦਾ 47ਵਾਂ ਅੰਕ ਜਾਰੀ ਕਰਦੇ ਹੋਏ।




ਐਡਵੋਕੇਟ ਮਹਿੰਦਰ ਸਿੰਘ ਭਲਿਆਣ ਸੈਣੀ ਭਵਨ 'ਚ ਖੂਨਦਾਨ ਕੈਂਪ ਸਮੇਂ ਖ਼ੂਨਦਾਨੀਆਂ ਨੂੰ ਆਸ਼ੀਰਵਾਦ ਹੋਏ।




ਉਲੰਪੀਅਨ ਧਰਮਵੀਰ ਸਿੰਘ ਦਾ ਸਨਮਾਨ ਕਰਦੇ ਹੋਏ ਸੈਣੀ ਭਵਨ ਦੇ ਪ੍ਰਬੰਧਕ ਅਤੇ ਹੋਰ ਸ਼ਖ਼ਸੀਅਤਾ।




ਵਿਦਿਆਰਥਣ ਸ਼ਵੇਤਾ ਸੈਣੀ ਨੂੰ ਡੇਢ ਲੱਖ ਰੁਪਏ ਦਾ ਚੈਕ ਭੇਟ ਕਰਦੇ ਹੋਏ ਸੈਣੀ ਭਵਨ ਦੇ ਪ੍ਰਬੰਧਕ।

ਸਮਾਜਿਕ ਚੇਤਨਤਾ ਦਾ ਪ੍ਰਤੀਕ ਤਿਮਾਹੀ ਮੈਗਜ਼ੀਨ

# ਸੈਣੀ ਸੰਸਾਰ
# Saini Sansar

SAINI BHAWAN RUPNAGAR

PUNJAB

ਸਰਬਤ ਦਾ ਭਲਾ

Estd. 1971


P U B L I S H E R S

KAKA RAM SAINI CHARITABLE TRUST (REGD.)
SAINI BHAWAN, ROPAR (RUPNAGAR) (Pb.) INDIA 140001